# ਵਰਿਆਮ

ਸਾਲ ਛੱਵੀਵਾਂ

ਦਸੰਬਰ ੧੯੯੯



Sri Satguru Jagjit Singh Ji eLibrary NamdhariElibrary@gmail.com

https://archive.org/details/namdhari










NS

# NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

| | |
|---|---|
| ਟਮਾਟਰ | : N.S. 815, ਉਤਸਵ ਅਤੇ ਅਮੋਘ |
| ਫੁਲ ਗੋਭੀ | : N.S. 60, N.S. 84 ਅਤੇ N.S. 90 |
| ਭਿੰਡੀ | : ਅਰਕਾ ਅਨਾਮਿਕਾ |
| ਤਰਬੂਜ਼ | : N.S. 295 (ਸਮਰ ਸਵੀਟ) N.S. 246 ਅਤੇ N.S. 2332 |
| ਖਰਬੂਜਾ | : N.S. 7455 ਅਤੇ ਅਭਿਜੀਤ |
| ਲੌਕੀ (ਘੀਆ) | : ਕਾਵੇਰੀ |
| ਤੋਰਈ | : ਸੰਜੀਵਨੀ ਅਤੇ ਹੋਰ ਬਹੁਤ ਕੁਝ |

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

*ਰੀਜਨਲ ਆਫਿਸ :-*

**ਨਾਮਧਾਰੀ ਸੀਡਜ਼ ਪ੍ਰਾ : ਲਿ :**

104, ਸਾਵਿਤਰੀ ਕੰਪਲੈਕਸ,
ਢੋਲੇਵਾਲ ਚੌਂਕ, ਲੁਧਿਆਣਾ-141 003.
ਫੋਨ : 0161-531439, 543499 ਘਰ : 0161-833109

*Head Office :*

**NAMDHARI SEEDS PVT. LTD.**

Bidadi-Bangalore (India) 562109
Tel : 080-2210987, 08113-82401
Fax : 080-2276880

https://archive.org/details/namdhari

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

# For Fitting Diesel Engines in Foreign & INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA

Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



**12-Bore GUNS**

**Free India Gun Manufacturers**

Prop. S. KARTAR SINGH (Jammu-Wale)

6, Industrial Estate, Ashok Nagar,
JAMMU CANTT-3
Ph. : 433810

*Sister Concern :*

M/S. KARTAR SINGH
ARMS & AMMUNITION DEALERS


Sri Satguru Jagjit Singh Ji eLibrary NamdhariElibrary@gmail.com

https://archive.org/details/namdhari

OstER®
Regd. Trade Mark No. 491851

Cardigans Pullovers
Ante date Knitters

A Quality Product of
UDEY KNITWEARS
Manufacturers & Exporters
A GOVT. RECOGNISED EXPORT HOUSE
Udey Complex, Dugri Road, P.O. Miller Ganj, LUDHIANA
PHONES : 494841, 494851
Fax No. : 91-161-494131
Delhi-Tele/Fax : 91-011-2451301

https://archive.org/details/namdhari

# ਵਰਿਆਮ

ਦਸੰਬਰ ੧੯੯੮ ਜਿਲਦ--੨੪ ਅੰਕ — ੨

ਤਤਕਰਾ


| | | |
|---|---|---|
| ਮੇਰੇ ਪਾਤਰ | —ਰਾਮ ਸਰੂਪ ਅਣਖੀ | ੫ |
| ਗੁਰਮੁਖੀ ਲਿਪੀ ਵਿਚ ਹਿੰਦੀ ਸਾਹਿਤ | —ਡਾ. ਨਰੇਸ਼ | ੯ |
| ਮੇਰਾ ਪਹਿਲਾ ਲੇਖ | —ਸੰਤੋਖ ਸਿੰਘ ਧੀਰ | ੧੪ |
| ਔਰਤ | —ਜਸਵਿੰਦਰ ਕੌਰ | ੧੭ |
| ਲੱਭ ਰਹੀ ਹਾਂ ਦਿਲਬਰ ਮਾਹੀ | —ਨੀਲਮ ਸੰਜੀਵ | ੧੮ |
| ਰੱਬ ਦਿਆ ਬੰਦਿਆ | —ਸੋਹਣ ਸਿੰਘ ਜੋਸ਼ | ੨੦ |
| ਈਸਟ ਅਫਰੀਕਾ ਦੀ ਯਾਤਰਾ | —ਜਗਦੀਸ਼ ਸਿੰਘ | ੨੧ |
| ਚਾਰ ਰੁਬਾਈਆਂ | —ਚਰਨ ਸੀਚੇਵਾਲਵੀ | ੩੧ |
| ਸੰਤ ਗਿਆਨ ਸਿੰਘ ਵੀਰੋਕੇ ਨਮਿਤ ਮੇਲਾ, | | ੩੨ |
| ਪੁਸਤਕ ਰੀਵੀਊ | —ਤਾਰਾ ਸਿੰਘ ਅਨਜਾਣ | ੩੯ |
| ਖਬਰਨਾਮਾ | | ੪੧ |
| ਪ੍ਰਤੀਕਰਮ | | ੪੪ |


**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੨-੩-੭ ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |


ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਸਾਮ੍ਹਣੇ ਸੈਂਟਰਲ ਟਾਊਨ
ਜਲੰਧਰ ੧੪੪੦੦੧
ਫੋਨ—ਦਫਤਰ : ੨੨੨੫੪੩
ਘਰ : ੫੬੨੮੯

Office Address :
Monthly WARIAM
(Punjabi)
Ladowali Road,
Opp. Central Town,
Jalandhar-144001
Ph. 222543 (O)
56289 (R)



੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SAGGU
**IRON INDUSTRIES**
ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Boards Mill Spares, Textile Mill Spares, Distillery Spares & Solvent Plant Spares
All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

**Old Railway Road, JALANDHAR**
Phone : 58795, 59056
Mobile Phone 9814026099




Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ ਟਿੱਪਣੀਆਂ

# ਤਾਰਾ ਸਿੰਘ ਹੇਅਰ ਦਾ ਕਤਲ

'ਇੰਡੋ ਕਨੇਡੀਅਨ ਟਾਈਮਜ਼' (ਕੈਨੇਡਾ) ਦੇ ਸੰਪਾਦਕ ਸ. ਤਾਰਾ ਸਿੰਘ ਹੇਅਰ ਨੂੰ ਉਹਨਾਂ ਦੇ ਘਰ ਕੈਨੇਡਾ ਵਿਚ ਹੀ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ ਹੈ। ਇਕ ਵਾਰ ਫੇਰ ਆਵਾਜ਼ ਨੂੰ ਦਬਾਉਣ ਦਾ ਜਤਨ ਕੀਤਾ ਗਿਆ ਹੈ। ਸ ਤਾਰਾ ਸਿੰਘ ਕੈਨੇਡਾ ਵਿਚ ਹਫਤਾਵਾਰੀ ਪਰਚੇ ਨੂੰ ਸਫਲਤਾ ਸਹਿਤ ਪ੍ਰਕਾਸ਼ਤ ਕਰ ਰਹੇ ਸਨ। ਇਸ ਤੋਂ ਪਹਿਲਾਂ ਵੀ ਉਹਨਾਂ 'ਤੇ ਹਮਲਾ ਹੋਇਆ ਸੀ ਜਿਸ ਕਾਰਨ ਉਹਨਾਂ ਦੀਆਂ ਲੱਤਾ ਨਾਕਾਰਾ ਹੋ ਗਈਆਂ ਸਨ ਅਤੇ ਉਹ ਪਹੀਆਂ ਵਾਲੀ ਕੁਰਸੀ ਨਾਲ ਹੀ ਚਲ ਸਕਦੇ ਸਨ। ਉਹ ਬੜੀ ਹਿੰਮਤ ਨਾਲ ਇਸ ਸਥਿਤੀ ਵਿਚ ਹੀ ਲਿਖਦੇ ਅਤੇ ਪਰਚਾ ਕਢਦੇ ਰਹੇ। ਅਸੀਂ ਉਹਨਾਂ ਨੂੰ ਮਿਲਵਾਇਕੀ ਕਾਨਫਰੰਸ ਵਿਚ ਦੇਖਿਆ ਸੀ ਕਿ ਉਹ ਬਹੁਤ ਚੁਸਤੀ ਨਾਲ ਆਪਣਾ ਕਾਰਜ ਕਰਦੇ ਸਨ। ਪੰਜਾਬ ਵਿਚ ਪਿਛਲੇ ਸਾਲਾਂ ਵਿਚ ਜੋ ਘਲੂਘਾਰਾ ਹੋਇਆ ਉਸ ਨੇ ਬਹੁਤ ਕੀਮਤੀ ਜਾਨਾਂ ਦੀ ਬਲੀ ਲਈ। ਸ. ਤਾਰਾ ਸਿੰਘ ਹੇਅਰ ਉਹ ਪੱਤਰਕਾਰ ਸਨ ਜਿਨ੍ਹਾਂ ਨੇ ਆਪਣੇ ਵਿਚਾਰ ਨਿਧੜਕ ਹੋ ਕੇ ਰੱਖੇ। ਜਿਹਨਾਂ ਨੂੰ ਉਹਨਾਂ ਨਾਲ ਵਿਚਾਰਾਂ ਦੇ ਮਤਭੇਦ ਸਨ ਉਹਨਾਂ ਨੇ ਗੋਲੀਆਂ ਚਲਾ ਕੇ ਵਿਚਾਰਾਂ ਦਾ ਗਲ ਘੁਟਣਾ ਚਾਹਿਆ। ਹੁਣ ਦੁਬਾਰਾ ਹਮਲਾ ਕਰਕੇ ਇਕ ਸਫਲ ਅਤੇ ਵਡੇ ਪੱਤਰਕਾਰ ਨੂੰ ਖਤਮ ਕੀਤਾ ਗਿਆ ਹੈ। ਇਹ ਕੀਤਾ ਵੀ ਕੈਨੇਡਾ ਵਰਗੇ ਦੇਸ਼ ਵਿਚ ਹੈ ਜਿਸ ਦੇਸ਼ ਵਿਚ ਬਹੁਤੇ ਲੋਕ ਰੋਟੀ ਰੋਜ਼ੀ ਦੀ ਭਾਲ ਵਿਚ ਗਏ ਹੋਏ ਹਨ। ਸਿੱਖ ਭਾਈਚਾਰੇ ਦੇ ਬਿੰਬ ਨੂੰ ਇਸ ਘਟਨਾ ਨੇ ਬਹੁਤ ਹੀ ਮਾੜੇ ਰੂਪ ਵਿਚ ਪੇਸ਼ ਕੀਤਾ ਹੈ। ਕੈਨੇਡਾ ਵਿਚ ਸਿੱਖਾਂ ਵਿਚ ਚਲ ਰਹੀ ਖਾਨਾ ਜੰਗੀ ਚਿੰਤਾ ਦਾ ਵਿਸ਼ਾ ਹੈ। ਗੁਰਦੁਆਰਿਆਂ ਤੇ ਕਬਜ਼ਿਆਂ ਲਈ ਚਲ ਰਹੀ ਜੰਗ ਨੇ ਸਿੱਖਾਂ ਨੂੰ ਗੁਰੂ ਦੇ ਆਦਰਸ਼ਾਂ ਤੋਂ ਕਿਤੇ ਦੂਰ ਲਿਆ ਖੜਾ ਕੀਤਾ ਹੈ। ਅਕਾਲ ਤਖਤ ਦੇ ਜਥੇਦਾਰ ਵਲੋਂ ਲੰਗਰ ਵਿਵਾਦ ਪਿਛੋਂ ਤਾਰਾ ਸਿੰਘ ਹੇਅਰ ਨੂੰ 'ਸਿੱਖੀ' ਵਿਚੋਂ ਖਾਰਜ ਕੀਤਾ ਗਿਆ ਸੀ। ਇਸ ਤੱਥ ਦੀ ਰੌਸ਼ਨੀ ਵਿਚ ਹੇਅਰ ਦਾ ਕਤਲ ਬਹੁਤ ਗੰਭੀਰ ਅਰਥ ਧਾਰਨ ਕਰਦਾ ਹੈ। ਇਹ ਸੰਕੇਤ ਹੈ ਕਿ ਆਉਣ ਵਾਲਾ ਸਮਾਂ ਕਿਹੋ ਜਿਹਾ ਹੋਵੇਗਾ। ਲੱਖ ਪੰਜਾਬ ਵਿਚ ਅਕਾਲੀ ਹਕੂਮਤ ਹੋਵੇ, ਖਾਲਸੇ ਦੀ ਤੀਸਰੀ ਸ਼ਤਾਬਦੀ ਮਨਾਉਣ ਦਾ ਵੀ ਪ੍ਰੋਗਰਾਮ ਹੋਵੇ ਪਰ ਸਿੱਖ ਦੁਫੇੜ ਵੀ ਸਿਖਰਾਂ ਤੇ ਹੈ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਇਸ ਦਾ ਪ੍ਰਦਰਸ਼ਨ ਹੋ ਰਿਹਾ ਹੈ। ਹਾਲਾਤ ਸੰਕੇਤ ਕਰਦੇ ਹਨ ਕਿ ਆਉਣ ਵਾਲੇ ਸਮੇਂ ਵਿਚ ਮਾਰਾ-ਮਰਾਈ ਦਾ ਦੌਰ ਵੀ ਚਲ ਸਕਦਾ ਹੈ। ਕੋਈ ਐਸੀ ਧਿਰ ਨਹੀਂ ਲੱਭ ਰਹੀ ਜੋ ਸਿੱਖਾਂ ਨੂੰ ਸੁਮਤ, ਗੁਰਮਤ ਵਲ ਮੋੜ ਸਕੇ। ਤਾਰਾ ਸਿੰਘ ਹੇਅਰ ਦਾ ਕਤਲ ਵਿਚਾਰਾਂ ਦਾ ਗਲਾ ਘੁੱਟਣ ਦਾ ਜਤਨ ਹੈ। ਇਸ ਦੇ ਖਿਲਾਫ ਵਧ ਤੋਂ ਵਧ ਆਵਾਜ਼ ਉੱਠਣੀ ਚਾਹੀਦੀ ਹੈ। ਅਤੇ ਅਗਲੇ ਸਮੇਂ ਵਿਚ ਸੁਚੇਤ ਵੀ ਹੋਣਾ ਚਾਹੀਦਾ ਹੈ। ਵਿਚਾਰਾਂ ਦਾ ਵਖਰੇਵਾਂ ਹੋਣਾ ਵੱਖਰੀ ਗਲ ਹੈ ਪਰ ਹਰ ਇਕ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਹੱਕ ਹੈ। ਗੋਲੀਆਂ ਨਾਲ ਬੰਦਾ ਮਾਰਿਆ ਜਾ ਸਕਦਾ ਹੈ ਵਿਚਾਰ ਨਹੀਂ ਮਾਰਿਆ ਜਾ ਸਕਦਾ। ਇਤਿਹਾਸ ਗਵਾਹ ਹੈ ਕਿ ਮਰਨ ਵਾਲਿਆਂ ਦੇ ਵਿਚਾਰ ਸਗੋਂ ਹੋਰ ਸ਼ਿੱਦਤ ਨਾਲ ਉਭਰ ਕੇ ਸਾਹਮਣੇ ਆਏ ਹਨ।

# ਪਰਦੂਸ਼ਣ ਦੇ ਬੱਦਲ

੧੫ ਅਕਤੂਬਰ ਨੂੰ ਪੰਜਾਬ ਤੇ ਛਾਏ ਧੂੰਏਂ ਦੇ ਬੱਦਲਾਂ ਨੇ ਇਹ ਗੱਲ ਸਾਬਤ ਕੀਤੀ ਕਿ ਵਾਤਾਵਰਣ ਵਿਚ ਪਰਦੂਸ਼ਣ ਦੇ ਵਿਰੁਧ ਆਵਾਜ਼ ਉਠਾਉਣ ਵਾਲੇ ਲੋਕ ਐਵੇਂ ਰੌਲਾ ਨਹੀਂ ਪਾਉਂਦੇ। ਇਹ ਅਤਿ ਗੰਭੀਰ ਮਸਲਾ ਹੈ ਅਤੇ ਇਹ ਪਰਦੂਸ਼ਣ ਕਿਸੇ ਵੀ ਵੇਲੇ ਜੀਵਨ ਨੂੰ ਖਤਮ ਵੀ ਕਰ ਸਕਦਾ ਹੈ। ਇਹ ਸਾਡੇ ਸਮਿਆਂ ਦੀ ਹੀ ਗੱਲ ਹੈ ਕਿ ਭੂਪਾਲ ਚੋ ਇਕ ਕਾਰਖਾਨੇ 'ਚੋਂ ਰਿਸਦੀ ਗੈਸ ਨੇ ਹਜ਼ਾਰਾਂ ਲੋਕ ਮਾਰ ਦਿਤੇ ਜਾਂ ਅਪਾਹਜ ਕਰ ਦਿਤੇ। ਜਿਹੋ ਜਿਹਾ ਧੂੰਆਂ ੧੫ ਅਕਤੂਬਰ ਨੂੰ ਆਇਆ ਸੀ, ਇਸ ਤੋਂ ਵੀ ਗੰਭੀਰ ਰੂਪ ਵਿਚ ਕਲ੍ਹ ਨੂੰ ਆ ਸਕਦਾ ਹੈ। ਇਹ ਅਜੇ ਪਤਾ ਕਰਨ ਦੀ ਲੋੜ ਹੈ ਕਿ ੧੫ ਅਕਤੂਬਰ ਵਾਲੇ ਧੂੰਏਂ ਨੇ ਕਿੰਨੀਆਂ ਜਾਨਾਂ ਲਈਆਂ ? ਕੁਦਰਤ ਨੇ ਬਾਰਸ਼ ਦੇ ਰੂਪ ਵਿਚ ਰਾਹਤ ਤਾਂ ਦਿਤੀ, ਨਹੀਂ ਤਾਂ ਖਬਰੇ ਕੀ ਹੋ ਜਾਂਦਾ।

ਪਰਦੂਸ਼ਨ ਅਤੇ ਵਾਤਾਵਰਣ ਦੀ ਪਲੀਤੀ ਦਾ ਮਸਲਾ ਜਿੰਨਾ ਗੰਭੀਰ ਹੈ, ਓਨਾ ਉਸ ਬਾਰੇ ਗੰਭੀਰ ਨਹੀਂ ਹੋਇਆ



Sri Satguru Jagjit Singh Ji eLibrary NamdhariElibrary@gmail.com

ਗਿਆ—ਨਾ ਸਰਕਾਰਾਂ ਵਲੋਂ ਨਾ ਲੋਕਾਂ ਵਲੋਂ। ਦਰਅਸਲ ਇਹ ਸਭ ਤੋਂ ਅਹਿਮ ਮਸਲਾ ਹੈ— ਜ਼ਿੰਦਗੀ ਮੌਤ ਦਾ ਮਸਲਾ, ਪਰ ਇਸ ਦੀ ਚਰਚਾ ਬਹੁਤ ਘੱਟ ਲੋਕਾਂ ਵਲੋਂ ਹੁੰਦੀ ਹੈ। ਇਸ ਦਾ ਪਰਚਾਰ ਵਿਆਪਕ ਰੂਪ ਵਿਚ ਹੋਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਆਪਣੇ ਆਪ ਵੀ ਸੁਚੇਤ ਹੋਣਾ ਚਾਹੀਦਾ ਹੈ। ਇਸ ਸਬੰਧੀ ਜਥਬੰਦਕ ਰੂਪ ਵਿਚ ਉਪਰਾਲੇ ਕਰਨੇ ਚਾਹੀਦੇ ਹਨ। ਇਹ ਹੀ ਮਾਨਵਤਾ ਦੀ ਸੇਵਾ ਹੈ।

## ਗਿਆਨੀ ਸੋਹਣ ਸਿੰਘ ਸੀਤਲ

ਗਿਆਨੀ ਸੋਹਣ ਸਿੰਘ ਸੀਤਲ ਬੀਤੇ ਦਿਨੀਂ ਵਿਛੋੜਾ ਦੇ ਗਏ ਹਨ। ਉਹ ਇਕੋ ਸਮੇਂ ਗਾਇਕ, ਢਾਡੀ, ਕਵੀ ਵਾਰਤਾਕਾਰ, ਨਾਵਲ ਲੇਖਕ ਅਤੇ ਬੁਲਾਰੇ ਸਨ। ਸਿੱਖ ਸਾਹਿਤ, ਇਤਿਹਾਸ ਅਤੇ ਸਿਆਸਤ ਦਾ ਉਹਨਾਂ ਨੂੰ ਡੂੰਘਾ ਮੁਤਾਲਿਆ ਸੀ। ਇਕ ਨਾਮਧਾਰੀ ਵਿਦਵਾਨ ਸੰਤ ਫਤਹਿ ਸਿੰਘ ਮਾਂਗਾ ਦੀ 'ਬੋਲੀ' ਅਤੇ ਸੰਗਤ ਨੇ ਉਹਨਾਂ ਨੂੰ ਡੂੰਘੀ ਖੋਜ ਵਲ ਪ੍ਰੇਰਿਤ ਕੀਤਾ ਅਤੇ ਇਸ ਇਕੱਲੇ ਵਿਅਕਤੀ ਨੇ ਯੂਨੀਵਰਸਟੀਆਂ ਤੋਂ ਵਧ ਕੰਮ ਕਰ ਵਿਖਾਇਆ। ਉਹ ਅਡੰਬਰ ਰਹਿਤ ਵਿਅਕਤੀ ਸਨ ਅਤੇ ਉਹਨਾਂ ਦਾ ਨਿਜੀ ਜੀਵਨ ਵੀ ਉੱਚੇ ਕਿਰਦਾਰ ਵਾਲਾ ਸੀ। ਉਹ ਮਿਲਣਸਾਰ ਵੀ ਬਹੁਤ ਸਨ। ਸੀਤਲ ਜੀ ਦਾ ਘਾਟਾ ਪੰਜਾਬੀ ਕੌਮ ਦਾ ਦਾ ਘਾਟਾ ਤਾਂ ਹੈ ਹੀ ..ਸਾਡਾ ਨਿਜੀ ਨੁਕਸਾਨ ਵੀ ਹੈ।

## ਸ. ਹਰੀ ਸਿੰਘ ਦਿਲਬਰ

ਪੰਜਾਬੀ ਜ਼ਬਾਨ ਦਾ ਇਕ ਨਿਸ਼ਕਾਮ ਅਤੇ ਨਿਰਮਾਣ ਸੇਵਕ ਸ. ਹਰੀ ਸਿੰਘ ਦਿਲਬਰ ਆਪਣੀ ਸੰਸਾਰ ਯਾਤਰਾ ਸੰਪੂਰਨ ਕਰ ਗਿਆ ਹੈ। ਉਹਨਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਉੱਚ-ਪਾਏ ਦੀਆਂ ਕਹਾਣੀਆਂ ਪਾਈਆਂ, ਪਰ ਆਪ ਸਦਾ ਹੀ ਮਸ਼ਹੂਰੀ ਤੋਂ ਦੂਰ ਰਹੇ। ਪਿੰਡ ਵਿਚ ਅਤਿ ਸਾਦਾ ਜ਼ਿੰਦਗੀ ਬਿਤਾਉਂਦਿਆਂ ਉਹਨਾਂ ਨੇ ਕਲਮ ਰਾਹੀਂ ਸਿਖਰ ਦੀਆਂ ਰਚਨਾਵਾਂ ਰਚੀਆਂ। ਕਲਮ ਅਤੇ ਕਰਮ ਦੇ ਧਨੀ ਇਸ ਮਹਾਂਪੁਰਖ ਦਾ ਵਿਛੋੜਾ ਪੰਜਾਬੀ ਸਾਹਿਤ ਜਗਤ ਵਾਸਤੇ ਬੇਪਨਾਹ ਘਾਟਾ ਹੈ। ਅਸੀਂ ਪੰਜਾਬੀ ਜਗਤ ਦੇ ਇਸ ਮਹਾਨ ਦੁਖ ਵਿਚ ਸ਼ਰੀਕ ਹਾਂ।

—ਜਗਦੀਸ਼ ਸਿੰਘ

## ਭਾਪਾ ਪ੍ਰੀਤਮ ਸਿੰਘ ਜੀ ਨੂੰ ਸਦਮਾ

ਨਵਯੁਗ ਪਬਲਿਸ਼ਰਜ਼ ਵਾਲੇ ਹਰਦਿਲ-ਅਜ਼ੀਜ਼ ਅਤੇ ਕੋਮਲ-ਭਾਵੀ ਮਨੁਖ ਭਾਪਾ ਪ੍ਰੀਤਮ ਸਿੰਘ ਜੀ ਨੂੰ ਡਾਹਢਾ ਆਘਾਤ ਪੁਜਾ ਹੈ। ਆਪਣੀ ਜੀਵਨ-ਸਾਥਣ ਦਾ ਵਿਛੋੜਾ ਤਾਂ ਅਜੇ ਉਹ ਭੁਲੇ ਨਹੀਂ ਕਿ ਆਪਣੇ ਦਿਲ ਦੇ ਟੋਟੇ ਆਪਣੀ ਪਿਆਰੀ ਅਤੇ ਛੋਟੀ ਸਪੁੱਤਰੀ ਆਸ਼ਮਾ (ਬਿੱਟੂ) ਦੀ ਸਦੀਵੀ ਜੁਦਾਈ ਦਾ ਦੁੱਖ ਉਹਨਾਂ ਨੂੰ ਝੱਲਣਾ ਪੈ ਗਿਆ ਹੈ।

ਇਹ ਕੀ ਹੋਇਆ, ਕਹਿਰ ਖ਼ੁਦਾਈ!

ਆਸ਼ਮਾ, ਕਲਾਕਾਰ ਸਪੁੱਤਰੀ, ਕਲਾ ਅਤੇ ਕੋਮਲਤਾ ਦਾ ਹੀ ਸਰੂਪ ਸੀ। ਜੋ ਸੁਖ, ਜੋ ਨਿੱਘ ਪੁੱਤਰੀਆਂ ਆਪਣੇ ਬਾਪ ਨੂੰ ਦਿੰਦਿਆਂ ਹਨ, ਜੋ ਖਿਆਲ ਓਹ ਰੱਖਦੀਆਂ ਹਨ ਅਤੇ ਦੁਖ-ਸੁਖ ਦੀ ਸਾਂਝੀਵਾਲ ਜੋ ਪੁੱਤਰੀਆਂ ਹੁੰਦੀਆਂ ਹਨ, ਜੋ ਪਵਿੱਤਰਤਾ ਇਨ੍ਹਾਂ ਦੇ ਰਿਸ਼ਤੇ ਵਿਚ ਹੁੰਦੀ ਹੈ ਉਸ ਦਾ ਅੰਦਾਜ਼ਾ ਧੀਆਂ ਵਾਲਿਆਂ ਹੀ ਨੂੰ ਹੈ। ਪਰ ਕੁਝ ਧੀਆਂ ਐਸੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਲੋਅ ਨਾਲ ਸੰਸਾਰ ਜਗਮਗ ਕਰਦਾ ਹੈ। ਬੀਬੀ ਆਸ਼ਮਾ ਵੀ ਐਸੀ ਸਪੁੱਤਰੀ ਸੀ। ਭਾਪਾ ਪ੍ਰੀਤਮ ਸਿੰਘ ਜਿਹੇ ਰਾਜ-ਰਿਸ਼ੀ ਦੀ ਇਸ ਕਲਾਕਾਰ ਸਪੁੱਤਰੀ ਦਾ ਸੰਬੰਧ ਮੰਗੋਲੀਆ ਦੇਸ਼ ਦੇ ਇਕ ਰਾਜਕੁਮਾਰ ਨਾਲ ਹੋਇਆ। ਵਿਛੋੜਾ ਤਾਂ ਅਤੋਲਵਾਂ ਸੀ, ਪਰ ਭਾਪਾ ਜੀ ਧੀ ਦੀ ਖੁਸ਼ੀ ਵਿਚ ਖੁਸ਼ ਸਨ। ਧੀਆਂ ਦੇ ਦੇਸ਼ 'ਚੋਂ ਆਉਂਦੀ ਵਾ ਵੀ ਚੰਗੀ ਲਗਦੀ ਹੈ।

ਅੱਜ ਸੋਚ ਆਉਂਦੀ ਹੈ ਕਿ ਇਸ ਖੁਸ਼ੀ ਪਿਛੋਂ ਯਕਦਮ ਇਸ ਪੱਕੇ ਪ੍ਰਦੇਸ-ਗਮਨ ਨੂੰ ਕਿਵੇਂ ਉਹ ਬਰਦਾਸ਼ਤ ਕਰਨਗੇ? ਉਹ ਦੇਸ ਜਿਥੋਂ ਕਦੇ ਕਿਸੇ ਦਾ ਸੁਨੇਹਾ ਨਹੀਂ ਆਇਆ .. ਇਕ ਕਿਰਨ ਏਡੀ ਛੇਤੀ ਸੂਰਜ ਵਿਚ ਮਿਲ ਗਈ!

ਭਾਪਾ ਜੀ ਨੂੰ ਕੀ ਕਹੀਏ?

ਤੁਹਾਡਾ ਗ਼ਮ ਲੋਕਾਂ ਦਾ ਗ਼ਮ ਹੈ। ਕਿਵੇਂ ਇਸ ਖਬਰ ਨੇ ਲੋਕਾਂ ਝੰਜੋੜਿਆ ਹੈ।

ਭਾਪਾ ਪ੍ਰੀਤਮ ਸਿੰਘ ਜੀ ਦੀ ਖ਼ਾਮੋਸ਼ ਸ਼ਖਸੀਅਤ ਕਈ ਤੂਫ਼ਾਨਾਂ ਨੂੰ ਸਾਂਭੀ ਬੈਠੀ ਹੈ।

ਇਸ ਤੂਫ਼ਾਨ ਨੂੰ ਵੀ ਉਹਨਾਂ ਦੀ ਸਹਿਜਤਾ ਜ਼ੀਰ ਜਾਵੇਗੀ—ਇਹ ਸਾਡੀ ਆਸ ਵੀ ਹੈ ਤੇ ਅਰਦਾਸ ਵੀ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਮੇਰੇ ਪਾਤਰ

—ਰਾਮ ਸਰੂਪ ਅਣਖੀ

ਮੇਰਾ ਜੱਦੀ ਪਿੰਡ ਧੌਲਾ ਹੈ। ਇਹ ਧਾਲੀਵਾਲ ਜੱਟਾਂ ਦਾ ਪਿੰਡ ਹੈ। ਬਰਨਾਲਾ-ਮਾਨਸਾ ਸੜਕ ਉੱਤੇ ਬਰਨਾਲੇ ਤੋਂ ਦਸ ਕਿਲੋਮੀਟਰ ਦੂਰ। ਆਲੇ-ਦੁਆਲੇ ਦੇ ਪਿੰਡ ਕਾਹਨੇ ਕੇ, ਪੱਖੋਂ ਕਲਾਂ, ਰੂੜੇ ਕੇ ਕਲਾਂ, ਧੂਰਕੋਟ, ਮਹਿਤਾ ਹੰਢਿਆਇਆ, ਖੁੱਡੀ, ਘੁੱਨਸ, ਛੰਨਾਂ ਤੇ ਭੈਣੀ ਜੱਸਾ ਆਦਿ ਹਨ। ਇਹ ਦਸ-ਬਾਰਾਂ ਪਿੰਡ ਹੀ ਮੇਰੇ ਪਾਤਰਾਂ ਦਾ ਸੰਸਾਰ ਹੈ। ਇਹਨਾਂ ਪਿੰਡਾਂ ਦੀ ਭਾਸ਼ਾ, ਇਹਨਾਂ ਲੋਕਾਂ ਦੇ ਸੁਭਾਓ, ਚੰਗੀਆਂ-ਮਾੜੀਆਂ ਆਦਤਾਂ, ਇਹਨਾਂ ਦੀਆਂ ਤੁਰਸ਼ੀਆਂ-ਤੰਗੀਆਂ, ਇਹਨਾਂ ਪਿੰਡਾਂ ਦੇ ਖੇਤ, ਰੁੱਖ, ਪਸ਼ੂ-ਪੰਛੀ, ਸੜਕਾਂ-ਪਹੇ-ਡੰਡੀਆਂ, ਫਸਲਾਂ, ਇਹਨਾਂ ਲੋਕਾਂ ਦੀਆਂ ਗਾਲ੍ਹਾਂ ਤੇ ਅਸੀਸਾਂ, ਰੋਣੇ-ਧੋਣੇ, ਚਾਂਗਰਾਂ ਤੇ ਕਿਲਕਾਰੀਆਂ ਮੇਰੇ ਨਾਵਲਾਂ ਤੇ ਕਹਾਣੀਆਂ ਦੇ ਪਾਤਰਾਂ ਨੂੰ ਸਿਰਜਦੀਆਂ ਹਨ।

ਸਾਡੇ ਪਿੰਡ ਦੇ ਅੱਠ ਅਗਵਾੜ ਹਨ। ਸਾਡਾ ਘਰ ਜਿਸ ਅਗਵਾੜ ਵਿਚ ਹੈ, ਉਹਨੂੰ ਖੁੱਡੀ ਦਾ ਅਗਵਾੜ ਆਖਦੇ ਹਨ। ਖੁੱਡੀ ਦਾ ਅਗਵਾੜ ਇਸ ਕਰਕੇ, ਕਿਉਂਕਿ ਖੁੱਡੀ ਪਿੰਡ ਏਸੇ ਪਾਸੇ ਹੈ। ਇਸ ਅਗਵਾੜ ਦਾ ਖੁੱਡੀ ਖੁਰਦ ਨਾਲ ਜ਼ਰੂਰ ਕੋਈ ਸੰਬੰਧ ਹੋਵੇਗਾ। ਖੁੱਡੀ ਅਗਵਾੜ ਵੀ ਅਗਾਂਹ ਦੋ ਠੁੱਲਿਆਂ ਵਿਚ ਵੰਡਿਆ ਹੋਇਆ ਹੈ। ਮਸਤੂ ਠੁੱਲਾ ਤੇ ਦਿਆਲਾ ਠੁੱਲਾ। ਅਸੀਂ ਦਿਆਲਾ ਠੁਲੇ ਵਿਚ ਹਾਂ। ਦਿਆਲੇ ਵਾਲੇ ਪਾਸੇ ਫਤਿਹ ਦਾ ਅਗਵਾੜ। ਫਤਿਹ ਵੀ ਦੋ ਹਨ—ਛੋਟਾ ਫੱਤਾ, ਵੱਡਾ ਫੱਤਾ। ਦਿਆਲਾ ਪੱਤੀ ਵਿਚ ਕੁਲ ਚਾਲੀ ਘਰ ਹੋਣਗੇ। ਇਹਨਾਂ ਵਿਚ ਪੰਜ-ਸੱਤ ਘਰ ਤਰਖਾਣਾਂ ਦੇ ਹਨ, ਇਕ ਘਰ ਸਾਡਾ ਬਾਮ੍ਹਣਾਂ ਦਾ। ਸੰਤਾਲੀ ਤੋਂ ਪਹਿਲਾਂ ਇਕ ਘਰ ਮਰਾਸੀਆਂ ਦਾ ਵੀ ਹੁੰਦਾ ਸੀ, ਜੋ ਹੁਣ ਨਹੀਂ ਹੈ। ਬੱਸ ਇਹ ਚਾਲੀ ਘਰ ਹੀ ਮੇਰੇ ਨਾਵਲਾਂ ਤੇ ਕਹਾਣੀਆਂ ਦੇ ਬਹੁਤੇ ਪਾਤਰਾਂ ਦਾ ਸਰੋਤ ਰਹੇ ਹਨ। ਜਦੋਂ ਵੀ ਮੈਂ ਕੋਈ ਪਾਤਰ ਲੈਣਾ ਹੁੰਦਾ, ਇਹਨਾਂ ਘਰਾਂ ਵਿਚੋਂ ਹੀ ਲੱਭਦਾ। ਪਿੰਡ ਛੱਡਕੇ ਹੁਣ ਬਰਨਾਲੇ ਰਹਿੰਦੇ ਨੂੰ ਮੈਨੂੰ ਵੀਹ-ਬਾਈ ਸਾਲ ਹੋ ਚੁੱਕੇ ਹਨ। ਪਰ ਸਰੀਰਕ ਤੌਰ ਉੱਤੇ ਹੀ ਮੈਂ ਬਰਨਾਲੇ ਹਾਂ, ਜ਼ਿਹਨੀ ਤੌਰ 'ਤੇ ਆਪਣੇ ਪਿੰਡ ਵਸਦਾ ਹਾਂ। ਮੈਨੂੰ ਆਪਣੇ ਪਾਤਰ ਪਿੰਡ ਤੋਂ ਹੀ ਔੜਦੇ ਹਨ, ਦਿਆਲਾ ਪੱਤੀ ਦੇ ਇਹ ਚਾਲੀ ਘਰ ਹੀ ਨਹੀਂ, ਨੇੜੇ ਦੇ ਮਸਤੂ ਤੇ ਫਤਿਹ ਦੇ ਅਗਵਾੜ ਵਿਚੋਂ ਵੀ ਮੈਨੂੰ ਆਪਣੇ ਪਾਤਰ ਮਿਲਦੇ ਹਨ। ਉਹ ਇਸ ਕਰਕੇ ਵੀ ਕਿ ਸਾਡੀ ਜ਼ਮੀਨ ਮਸਤੂ ਤੇ ਫਤਿਹ ਪੱਤੀ ਵਿਚ ਹੈ। ਦਿਆਲਾ ਪੱਤੀ ਵਿਚ ਤਾਂ ਸਾਡਾ ਘਰ ਹੀ ਘਰ ਹੈ।

ਇਹਨਾਂ ਘਰਾਂ ਦੀ ਇਕੱਲੇ ਇਕੱਲੇ ਘਰ ਦੀ ਇਕ ਕਹਾਣੀ ਹੈ। ਇਕ ਘਰ ਵਿਚ ਇਕੱਲੇ ਇਕੱਲੇ ਬੰਦੇ ਦੀ ਕਹਾਣੀ ਹੈ. ਇਕ ਬੰਦੇ ਦੀਆਂ ਕਈ ਕਈ ਕਹਾਣੀਆਂ ਹਨ। ਮੈਂ ਢਾਈ ਸੌ ਦੇ ਕਰੀਬ ਕਹਾਣੀਆਂ ਲਿਖੀਆਂ। ਜ਼ਰੂਰ ਇਹਨਾਂ ਵਿਚੋਂ ਦੋ ਸੌ ਕਹਾਣੀ ਇਹਨਾਂ ਮੇਰੇ ਪਿੰਡ ਦੇ ਘਰਾਂ ਦੀ ਕਹਾਣੀ ਹੋਵੇਗੀ। ਨਾਵਲ ਦਸ ਹੋ ਗਏ। ਇਹਨਾਂ ਸਾਰੇ ਨਾਵਲਾਂ ਵਿਚ ਬਹੁਤ ਸਾਰੇ ਪਾਤਰ ਮੇਰੇ ਪਿੰਡ ਦੇ ਹਨ। ਪਰ ਕਿਸੇ ਨੂੰ ਉਹਨਾਂ ਦੀ ਪਛਾਣ ਕੋਈ ਨਹੀਂ। ਸਿਰਫ਼ ਮੈਂ ਹੀ ਜਾਣਦਾ ਹਾਂ ਕਿ ਕਿਹੜਾ ਪਾਤਰ ਕੌਣ ਆਦਮੀ ਹੈ ਜਾਂ ਕੌਣ ਔਰਤ ਹੈ। ਰਚਨਾ ਵਿਚ ਪਾਤਰ ਲੈਣ ਦਾ ਮੇਰਾ ਤਰੀਕਾ ਇਹ ਹੈ ਕਿ ਮੈਂ ਜਿਉਂਦੇ-ਜਾਗਦੇ ਜਾਂ ਸੱਚੀ-ਮੁਚੀਂ ਦੇ ਆਦਮੀ ਨੂੰ ਭੁੱਲ ਜਾਂਦਾ ਹਾਂ। ਆਪਣੀ ਰਚਨਾ ਦੀ ਲੋੜ ਅਨੁਸਾਰ ਨਵਾਂ ਕਿਰਦਾਰ ਘੜਦਾ ਹਾਂ ਜਾ ਇਉਂ ਸਮਝ ਲਓ ਕਿ ਸੱਚ-ਮੁੱਚ ਦੇ ਪਾਤਰ ਨੂੰ ਜਿਉਂ ਦਾ ਤਿਉਂ ਨਹੀਂ ਲੈਂਦਾ। ਉਹਦੇ ਨਾਲੋਂ ਕੁਝ ਤਰਾਸ਼ ਦਿੰਦਾ ਹਾਂ, ਕੁਝ ਉਹਦੇ ਨਾਲ ਨਵਾਂ ਜੋੜ ਦਿੰਦਾ ਹਾਂ। ਪਾਤਰ ਮੇਰੇ ਲਈ ਇਕ ਕਲਾ-ਕ੍ਰਿਤੀ ਬਣ ਜਾਂਦਾ ਹੈ, ਘੁਮਿਆਰ ਦੇ ਭਾਂਡਾ ਘੜਨ ਵਾਂਗ ਉਹਦੇ ਨਾਲੋਂ ਮਿੱਟੀ ਉਤਾਰਦਾ ਤੇ ਨਵੀਂ ਮਿੱਟੀ ਲਾਉਂਦਾ ਰਹਿੰਦਾ ਹਾਂ। ਉਹ ਮੇਰਾ ਆਪਣਾ ਘੜਿਆ ਪਾਤਰ ਰਹਿ ਜਾਂਦਾ ਹੈ, ਸੱਚ-ਮੁੱਚ ਦੇ ਬੰਦੇ ਦੀ ਪਛਾਣ ਖਤਮ ਹੋ ਜਾਂਦੀ ਹੈ।

ਮੇਰੇ ਵੱਡ-ਆਕਾਰੀ ਨਾਵਲ 'ਕੋਠੇ ਖੜਕ ਸਿੰਘ' ਵਿਚ ਪਹਿਲੇ ਭਾਗ ਦੀ ਹਰਨਾਮੀ ਬੜੀ ਜਾਨਦਾਰ ਔਰਤ ਹੈ। ਆਮ ਲੋਕ ਉਹਨੂੰ ਕੁਪੱਤੀ ਸਮਝਦੇ ਹਨ। ਉਹ ਇਕ ਦੇਹ ਤੋਂ ਦੂਜੀ ਦੇਹ ਦਾ ਸਫ਼ਰ ਕਰਦੀ ਹੈ। ਅਸਲ ਵਿਚ ਉਹ ਆਪਣੀ ਪਹਿਚਾਣ ਲੱਭਦੀ ਹੈ ਤੇ ਜ਼ਿੰਦਗੀ ਨਾਲ ਉਮਰ ਭਰ ਜੂਝਦੀ ਹੈ। ਮੇਰੇ ਅਨੁਭਵ ਵਿਚ ਦੋ ਅਜਿਹੀਆਂ ਔਰਤਾਂ ਸਨ। ਮੈਂ ਸਾਲਾਂ ਬੱਧੀ ਉਹਨੂੰ ਬਹੁਤ ਨੇੜਿਓਂ ਦੇਖਿਆ ਸੀ। ਉਹ ਕਦੇ ਜ਼ਿੰਦਗੀ ਨਾਲੋਂ ਟੁਟਦੀਆਂ, ਕਦੇ ਜ਼ਿੰਦਗੀ ਨਾਲ ਜੁੜਦੀਆਂ, ਪਰ ਤੁਰੀਆਂ ਜਾਂਦੀਆਂ। ਹਾਰਦੀਆਂ ਨਹੀਂ



Sri Satguru Jagjit Singh Ji eLibrary NamdhariElibrary@gmail.com

ਸਨ। ਦੋਵੇਂ ਹੀ ਜ਼ਿੰਦਗੀ ਦੇ ਗਹਿਰੇ ਪਾਣੀਆਂ ਦੀਆਂ ਮੱਛੀਆਂ ਸਨ, ਚਟਾਨ ਚੱਟ ਕੇ ਮੁੜਦੀਆਂ। ਮੈਂ ਉਹਨਾਂ ਦੋਵਾਂ ਔਰਤਾਂ ਦੀ ਇਕ ਔਰਤ ਬਣਾ ਲਈ। ਹਰਨਾਮੀ ਵਿਚ ਉਹਨਾਂ ਦੋਵਾਂ ਦੇਖੀਆਂ-ਜਾਣੀਆਂ ਔਰਤਾਂ ਦੇ ਗੁਣ-ਔਗੁਣ ਹਨ।

'ਕੋਠੇ ਖੜਕ ਸਿੰਘ' ਦਾ ਹੀ ਝੰਡਾ ਸਿੰਘ ਤੇ ਫੇਰ ਉਹਦਾ ਪੁੱਤਰ ਹਰਦਿੱਤ ਸਿੰਘ ਅਜਿਹੇ ਪਾਤਰ ਹਨ, ਜਿਹਨਾਂ ਨੂੰ ਮੈਂ ਆਪਣੇ ਬਚਪਨ ਤੋਂ ਦੇਖਿਆ-ਸਮਝਿਆ ਹੋਇਆ ਸੀ। ਅਗਾਂਹ ਹਰਦਿੱਤ ਸਿੰਘ ਦਾ ਪੁੱਤਰ ਯਾਨੀ ਨਾਵਲ ਦੀ ਤੀਜੀ ਪੀੜ੍ਹੀ ਦਾ ਨੌਜਵਾਨ ਪਾਤਰ ਹਰਿੰਦਰਪਾਲ ਮੇਰਾ ਕਲਪਿਤ ਪਾਤਰ ਹੈ। ਇਹ ਨਵੀਂ ਰੋਸ਼ਨੀ ਦੀ ਉਪਜ ਹੈ। ਮੇਰਾ ਇਹ ਰੁਮਾਂਟਿਕ ਜਾਂ ਆਦਰਸ਼ਕ ਪਾਤਰ ਵੀ ਹੋ ਸਕਦਾ ਹੈ। ਇਹ ਭਾਵੁਕ ਪਾਤਰ ਹੈ। ਜੋ ਕੁਝ ਹਰਿੰਦਰ ਨੇ ਕੀਤਾ, ਉਹ ਵਕਤੀ ਗੱਲਾਂ ਸਨ। ਜੇ ਕਿਧਰੇ ਉਹ ਘਟਨਾਵਾਂ ਸਚਮੁੱਚ ਵੀ ਵਾਪਰ ਗਈਆਂ ਹੋਣ ਤਾਂ ਉਹਨਾਂ ਦਾ ਸਮਾਜਿਕ ਨਤੀਜਾ ਕੋਈ ਨਹੀਂ ਨਿਕਲਿਆ। ਨਾ ਕੋਈ ਰਾਜਨੀਤਕ ਪਲਟਾ ਆਇਆ। ਪਰ ਇਹ ਤਾਂ ਸੱਚ ਹੈ ਨਾ ਕਿ ਆਦਰਸ਼ਾਂ, ਰੁਮਾਂਸ ਤੇ ਭਾਵੁਕਤਾ ਵਿਚੋਂ ਹੀ ਕੁਝ ਠੋਸ ਨਿਕਲ ਆਉਂਦਾ ਹੈ। ਇਹੀ ਵਕਤ ਦੀ ਪ੍ਰਾਪਤੀ ਹੁੰਦੀ ਹੈ।

ਨਸੀਬ ਤੇ ਪੁਸ਼ਪਿੰਦਰ ਕੌਰ ਵੀ ਮੇਰੇ ਆਦਰਸ਼ਕ ਤੇ ਕਲਪਿਤ ਪਾਤਰ ਹਨ। ਯਾਨੀ ਕਿ ਇਹ ਸਮੇਂ ਤੋਂ ਪਹਿਲਾਂ ਦੇ ਪਾਤਰ ਹਨ। ਅਸਲ ਵਿਚ ਇਹ ਮਲਵਈ ਪੇਂਡੂ ਸਮਾਜ ਦੀ ਗਹਿਰੀ ਬਹਿਸ ਹੈ ਜਿਸ ਵਿਚ ਜੱਟ ਤੇ ਗੈਰ-ਜੱਟ ਜਾਤੀਆਂ ਦਾ ਸਾਂਸਕ੍ਰਿਤਕ ਬਖੇੜਾ ਜਾਂ ਪਾੜ ਨਜ਼ਰ ਆਉਂਦਾ ਹੈ। ਮੈਂ ਸਿਰਫ ਤਸਵੀਰ ਹੀ ਪੇਸ਼ ਕਰ ਸਕਿਆ ਹਾਂ। ਨਤੀਜਾ ਸਮੇਂ ਨੇ ਦੱਸਣਾ ਸੀ। ਮੈਨੂੰ ਤਸੱਲੀ ਹੁੰਦੀ ਹੈ ਕਿ ਨਾਵਲ ਛਪਣ ਬਾਅਦ ਦੂਜੇ ਦਹਾਕੇ ਹੀ ਅਜਿਹੀਆਂ ਘਟਨਾਵਾਂ ਸਚਮੁੱਚ ਵੀ ਵਾਪਰੀਆਂ। ਨਸੀਬਾਂ ਤੇ ਪੁਸ਼ਪਿੰਦਰਾਂ ਦੀ ਜਿੱਤ ਹੋਈ ਹੈ, ਪਰ ਕਿਧਰੇ ਕਿਧਰੇ। ਤਸੱਲੀ ਇਸ ਗੱਲ ਦੀ ਵੀ ਹੈ ਕਿ ਸਾਹਿਤ ਵਿਚ ਦਰਪੇਸ਼ ਯਥਾਰਥਕ ਸੱਚ ਸਮੇਂ ਤੋਂ ਪਹਿਲਾਂ ਵਾਪਰ ਜਾਂਦਾ ਹੈ, ਇਸ ਮਾਮਲੇ ਵਿਚ ਨਸੀਬ ਤੇ ਪੁਸ਼ਪਿੰਦਰ ਦਾ ਕਥਾਨਕ ਸਾਹਿਤਕ ਰੂੜ੍ਹੀ ਵਜੋਂ ਵੀ ਸਹੀ ਨਿਭ ਗਿਆ।

'ਕੋਠੇ ਖੜਕ ਸਿੰਘ' ਵਿਚ ਹੀ ਮੈਂ ਆਪਣੇ ਪਿਤਾਸ਼੍ਰੀ ਜੀ ਨੂੰ ਪੇਸ਼ ਕਰ ਸਕਿਆ ਹਾਂ। ਉਹ ਜ਼ਾਤ ਦਾ ਤਾਂ ਬ੍ਰਾਹਮਣ ਸੀ, ਪਰ ਜ਼ਿਮੀਂਦਾਰ ਸੀ। ਛੋਟਾ ਕਿਸਾਨ ਸੀ। ਖੇਤੀ ਦੇ ਕੰਮਾਂ ਵਿਚ ਪੂਰਾ ਦੁਖੀ, ਪਰ ਜ਼ਮੀਨ ਦੀ ਹੈਂਕੜ ਸਿਰੇ ਦੀ। ਉਹ ਪੇਂਡੂ ਸਮਾਜ ਦਾ ਇਕ ਵਿਲੱਖਣ ਪਾਤਰ ਸੀ। ਮੈਂ ਉਹਦੇ ਬਾਰੇ ਐਨਾ ਕੁਝ ਜਾਣਦਾ ਹਾਂ ਕਿ ਇਕੱਲੇ ਉਸ ਇਕ ਪਾਤਰ ਬਾਰੇ ਪੂਰਾ ਨਾਵਲ ਲਿਖਿਆ ਜਾ ਸਕਦਾ ਹੈ। 'ਕੋਠੇ ਖੜਕ ਸਿੰਘ' ਵਿਚ ਉਹ ਅੰਸ਼-ਮਾਤਰ ਹੀ ਆ ਸਕਿਆ। ਪਰ ਨਾਵਲ ਦੇ ਇਸ ਕਥਾਨਕ ਵਿਚ ਉਹਦਾ ਭਰਪੂਰ ਚਿੱਤਰਣ ਹੈ, ਮੂਲ-ਕਥਾ ਨੂੰ ਸਿਰੇ ਲਾਉਣ ਤੇ ਕਥਾਨਕ ਤੇ ਪਾਸਾਰਾਂ ਨੂੰ ਸਮੇਟਣ ਵਿਚ ਇਸ ਪਾਤਰ ਦਾ ਖਾਸਾ ਯੋਗਦਾਨ ਰਿਹਾ। ਨਾਵਲ ਵਿਚ ਮੇਰਾ ਬਾਪ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਸੰਦੀ ਰਾਮ ਉਹਦਾ ਬ੍ਰਾਹਮਣ ਰੂਪ ਹੈ ਤੇ ਮੱਲਣ ਸਿੰਘ ਉਹਦਾ ਜੱਟ-ਰੂਪ। ਦੋਵੇਂ ਰੂਪ ਆਪਣੇ ਆਪ ਵਿਚ ਬੜੇ ਸਾਰਥਿਕ ਹਨ, ਆਪਣਾ ਪੇਂਡੂ ਸਭਿਆਚਾਰਕ ਰੋਲ ਨਿਭਾਉਂਦੇ ਹੋਏ।

ਪਰਤਾਪੀ ਉਸਾਰਨ ਵਿਚ ਮੈਨੂੰ ਖਾਸੀ ਭੰਨ-ਤੋੜ ਕਰਨੀ ਪਈ। ਇਹ ਗੱਲ ਬੜੀ ਰਹੱਸਪੂਰਨ ਜਾਪੇਗੀ ਕਿ ਇਕ ਜਾਣੇ-ਪਛਾਣੇ ਮਰਦ ਪਾਤਰ ਨੂੰ ਕਿਵੇਂ ਇਸਤਰੀ-ਰੂਪ ਦੇ ਲਿਆ ਹੈ। ਉਸ ਮਰਦ-ਪਾਤਰ ਨੂੰ ਹੀ ਪੇਸ਼ ਕਰਦਾ ਤਾਂ ਪਛਾਣਿਆ ਜਾਣਾ ਸੀ। ਪਛਾਣਿਆ ਜਾਂਦਾ ਤਾਂ ਬਖੇੜੇ ਖੜ੍ਹੇ ਹੁੰਦੇ। ਲੇਖਕ ਲਈ ਅਜਿਹੇ ਬਖੇੜੇ ਅਰਥ ਵੀ ਕੋਈ ਨਹੀਂ ਰਖਦੇ ਹੁੰਦੇ। ਪਰ ਮੇਰੇ ਲਈ ਫਿਲਹਾਲ ਇਹ ਰਹੱਸ ਬਣਿਆ ਰਹਿਣਾ ਹੀ ਵਾਜਬ ਸੀ। ਤੇ ਫਿਰ ਪਰਤਾਪੀ ਦਾ ਇਸਤਰੀ-ਰੂਪ ਵੀ ਮੈਂ ਕਿਧਰੇ ਦੇਖਿਆ-ਜਾਣਿਆ ਹੋਇਆ ਸੀ। ਮੈਂ ਉਸ ਇਸਤਰੀ-ਰੂਪ ਵਿਚ ਉਸ ਮਰਦ-ਰੂਪ ਦਾ ਸੰਚਾਰ ਕਰ ਲਿਆ ਤੇ ਗੱਲ ਵਧੀਆ ਬਣ ਗਈ।

ਪਰਤਾਪੀ ਦੇ ਪਿਛਲੇ ਦਿਨਾਂ ਵਿਚ ਜ਼ਮੀਨ ਨੂੰ ਲੈਕੇ ਉਸਦੇ ਦੋ ਪੁੱਤਰਾਂ ਵਿਚ ਗੱਲ ਹੋਰ ਵੀ ਸਮੇਂ ਦੇ ਹਾਣ ਦੀ ਹੋ ਗਈ। ਹਰਦੇਵ ਤੇ ਗੁਰਦੇਵ ਦੋ ਭਾਗ ਹਨ। ਹਰਦੇਵ ਪੜ੍ਹਿਆ ਲਿਖਿਆ ਸ਼ਹਿਰ ਵਿਚ ਰਹਿੰਦਾ ਹੈ ਤੇ ਨੌਕਰੀ ਕਰਦਾ ਹੈ। ਉਹਦੀ ਘਰਵਾਲੀ ਵੀ ਨੌਕਰੀ ਕਰਦੀ ਹੈ। ਉਹਨੂੰ ਪਿੰਡ ਨਾਲ ਕੋਈ ਲਗਾਓ ਨਹੀਂ ਰਹਿ ਗਿਆ ਹੈ। ਮਾਂ ਦੇ ਨਾਂ ਚਾਰ ਕਿਲੇ ਜ਼ਮੀਨ ਹੈ। ਮਾਂ ਬੁੱਢੀ ਹੋ ਚੁੱਕੀ ਹੈ। ਉਹਦੇ ਮਰਨ ਬਾਅਦ ਹੀ ਜ਼ਮੀਨ ਵੰਡੀ ਜਾਵੇਗੀ ਦੋਵਾਂ ਭਰਾਵਾਂ ਵਿਚ। ਹਰਦੇਵ ਚਾਹੁੰਦਾ ਹੈ ਕਿ ਪਰਤਾਪੀ ਛੇਤੀ ਮਰੇ ਤਾਂ ਕਿ ਉਹ ਗੁਰਦੇਵ ਨਾਲੋਂ ਜ਼ਮੀਨ ਵੰਡਾ ਕੇ ਆਪਣੇ ਹਿੱਸੇ ਦੀ



Sri Satguru Jagjit Singh Ji eLibrary NamdhariElibrary@gmail.com

ਜ਼ਮੀਨ ਵੇਚ ਦੇਵੇ ਤੇ ਸ਼ਹਿਰ ਵਿਚ ਪਲਾਟ ਖਰੀਦ ਲਵੇ। ਪਲਾਟ ਤਾਂ ਦੋ ਸਾਲਾਂ ਵਿਚ ਦੁੱਗਣੇ ਰੁਪਿਆਂ ਦੇ ਹੋ ਜਾਂਦੇ ਹਨ। ਪਿੰਡ ਵਾਲਾ ਮੁੰਡਾ ਗੁਰਦੇਵ ਮਾਂ ਨੂੰ ਮਰਨ ਨਹੀਂ ਦੇ ਰਿਹਾ। ਉਹ ਉਹਦੀ ਪੂਰੀ ਸੇਵਾ-ਸੰਭਾਲ ਰਖਦਾ ਹੈ। ਮਾਂ ਕਰਕੇ ਹੀ ਉਹਦੇ ਕੋਲ ਸਾਰੀ ਜ਼ਮੀਨ ਹੈ। ਹਰਦੇਵ ਨੂੰ ਤਾਂ ਉਹ ਨਾਂ-ਮਾਤਰ ਹੀ ਹਿੱਸਾ ਭੇਜਦਾ ਹੈ। ਹੁਣ ਇਹ ਦੋਵੇਂ ਪਾਤਰ ਗੁਰਦੇਵ ਤੇ ਹਰਦੇਵ ਮੇਰੇ ਬਹੁਤ ਨੇੜੇ ਰਹੇ ਸਨ। ਦੋਵੇਂ ਦੇ ਵੱਖਰੇ ਕਰੈਕਟਰ ਹਨ। ਮਾਂ ਦੋਹਾਂ ਦੀ ਹੈ। ਇਕ ਉਹਨੂੰ ਮਰਨਾ ਲੋੜਦਾ ਹੈ, ਦੂਜਾ ਮਰਨ ਨਹੀਂ ਦਿੰਦਾ। 'ਪਰਤਾਪੀ' ਨਾਵਲ ਇੰਜ ਜਾਇਦਾਦੀ ਮਸਲਿਆਂ ਨੂੰ ਲੈ ਕੇ ਅਛੋਪਲੇ ਹੀ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਬਿਆਨ ਕਰਦਾ ਹੈ।

ਹੁਣ ਕਹਾਣੀਆਂ ਦੀ ਗੱਲ ਕਰਦੇ ਹਾਂ। ਮੇਰੀਆਂ ਸਾਰੀਆਂ ਕਹਾਣੀਆਂ ਦੇ ਚਾਰ ਮੂੰਹੇਂ ਬਣਦੇ ਹਨ—ਛੋਟਾ ਕਿਸਾਨ, ਮੁਲਾਜ਼ਮ ਵਰਗ, ਵਿਲੱਖਣ ਪੇਂਡੂ ਪਾਤਰ ਤੇ ਮੇਰਾ ਆਪਣਾ ਆਪ।

ਮੇਰਾ ਬਾਪ ਜ਼ਿਮੀਂਦਾਰ ਸੀ ਤੇ ਛੋਟਾ ਕਿਸਾਨ। ਆਪਣੀ ਸੁਰਤ ਸੰਭਾਲਣ ਤੋਂ ਲੈ ਕੇ ਓਦੋਂ ਤੱਕ ਜਦੋਂ ਉਹਨੇ ਖੇਤੀ ਦਾ ਕੰਮ ਛੱਡ ਨਹੀਂ ਦਿੱਤਾ, ਖੇਤੀ ਦੇ ਕੰਮ ਵਿਚ ਮੈਂ ਉਹਦੀ ਦੁਰ-ਦਸ਼ਾ ਅੱਖੀਂ ਦੇਖੀ ਸੀ। ਆਪਣੀਆਂ ਕਹਾਣੀਆਂ ਵਿਚ ਮੈਂ ਆਪਣੇ ਬਾਪ (ਛੋਟੇ ਕਿਸਾਨ) ਨੂੰ ਪੇਸ਼ ਕਰਨਾ ਚਾਹਿਆ। ਉਹਦਾ ਕਿਰਦਾਰ ਪੇਸ਼ ਕਰਨ ਲਈ ਹੀ ਮੈਂ ਕਹਾਣੀਆਂ ਲਿਖਦਾ ਸਾਂ। ਪਿੰਡ ਦੇ ਸ਼ਾਹੂਕਾਰ ਤੇ ਧਨੀ ਕਿਸਾਨ ਪ੍ਰਤੀ ਪਾਠਕਾਂ ਦੇ ਮਨ ਵਿਚ ਨਫਰਤ ਜਗਾਉਣੀ ਚਾਹੁੰਦਾ ਸਾਂ। ਛੋਟੇ ਕਿਸਾਨ ਦੇ ਘ੍ਰਿਣਤ ਤੇ ਪੀੜਤ ਜੀਵਨ ਲਈ ਹਮਦਰਦੀ ਵੀ।

ਮੁਲਾਜ਼ਮ ਵਰਗ ਵਿਚ ਮੈਂ ਆਪ ਸੀ, ਇਕ ਸਕੂਲ ਮਾਸਟਰ। ਸਾਥੀ ਅਧਿਆਪਕਾਂ ਦੀਆਂ ਤੰਗੀਆਂ-ਤੁਰਸ਼ੀਆਂ ਅਤੇ ਉਹਨਾਂ ਦੀਆਂ ਸੀਮਤ ਤੇ ਤੁੱਛ ਤਮੰਨਾਵਾਂ ਨਿੱਤ ਦੇਖਦਾ। ਇਹ ਸਭ ਕੁਝ ਬਾਹਰ ਲਿਆਉਣਾ ਚਾਹੁੰਦਾ ਸਾਂ ਸਮੇਤ ਮੁਲਾਜ਼ਮ ਭਰਾਵਾਂ ਦੀਆਂ ਕਮਜ਼ੋਰੀਆਂ ਤੇ ਕਮੀਨਗੀਆਂ ਵੀ। ਇਹਨਾਂ ਕਹਾਣੀਆਂ ਵਿਚ ਉਹਨਾਂ ਦੀਆਂ ਆਰਥਿਕ ਸਮੱਸਿਆਵਾਂ ਅਧਿਕ ਹੁੰਦੀਆਂ। ਮੁਲਾਜ਼ਮਾਂ ਦੇ ਇਸ ਛੋਟੇ ਘੇਰੇ ਦੇ ਜੀਵਨ ਵਿਚੋਂ ਬਾਹਰ ਆਉਣ ਦਾ ਮੇਰੇ ਕੋਲ ਹੱਲ ਕੋਈ ਨਹੀਂ ਸੀ ਤੇ ਨਾ ਹੀ ਅਜਿਹੀ ਕੋਈ ਸਮਰੱਥਾ ਸੀ। ਸੋ ਇਸ ਮੁਲਾਜ਼ਮ ਵਰਗ ਨੂੰ ਵੀ ਮੈਂ ਪੇਸ਼ ਹੀ ਕੀਤੀ।

ਪਿੰਡ ਦੇ ਵਿਲੱਖਣ ਪਾਤਰ ਪੇਸ਼ ਕਰਕੇ ਮੈਨੂੰ ਚੰਗਾ ਲਗਦਾ ਤੇ ਪਿੰਡ ਦੀ ਕਲਚਰ ਵਿਚੋਂ ਅਜਿਹੇ ਪਾਤਰ ਲੱਭਣ ਦਾ ਮਾਣ ਮਹਿਸੂਸ ਹੁੰਦਾ। ਇਹਨਾਂ ਪਾਤਰਾਂ ਨੂੰ ਮੈਂ ਅਮਰ ਕਰਨਾ ਚਾਹਿਆ। ਸਾਡੇ ਪੇਂਡੂ ਸਭਿਆਚਾਰ ਵਿਚ 'ਅਸ਼ਕੇ ਬੁੜ੍ਹੀਏ ਤੇਰੇ' ਦੀ ਬਿਸ਼ਨੀ 'ਸੁੱਤਾ ਨਾਗ' ਦੀ ਜੀਤੋ, 'ਖਾਰਾ ਦੁੱਧ' ਦਾ ਮਿਲਖੀ, 'ਸਫੈਦ ਰਾਤ ਦਾ ਜ਼ਖਮ' ਦਾ ਮੰਗਲਦਾਸ 'ਮੁਹੱਬਤ ਦੀ ਮਿੱਟੀ' ਦਾ ਜੁੰਮਾ ਘੁਮਿਆਰ, 'ਤੀਰਥ' ਦੀ ਸੀਤੋ, 'ਬਘੇਲੋ ਸਾਧਣੀ' ਦੀ ਬਘੇਲੋ, 'ਭਲਿਆਂ ਵੇਲਿਆਂ ਦੀ ਗੱਲ' ਦੀ ਨੰਦ ਕੁਰ ਤੇ 'ਸਾਈਕਲ ਦੌੜ' ਦਾ ਹਾਕਮ ਸਿੰਘ ਜਿਹੇ ਮਲਵਈ ਪੇਂਡੂ ਪਾਤਰ ਦੁਨੀਆ ਜਹਾਨ ਵਿਚ ਹੋਰ ਕਿਧਰੇ ਨਹੀਂ ਮਿਲਣਗੇ। ਮੈਨੂੰ ਫਖਰ ਹੈ ਕਿ ਇਹ ਪਾਤਰ ਮੇਰੇ ਆਪਣੇ ਇਲਾਕੇ ਵਿਚ ਸਨ। ਇਹਨਾਂ ਨੂੰ ਮੈਂ ਹੀ ਲੱਭਿਆ ਤੇ ਪੇਸ਼ ਕੀਤਾ।

ਚੌਥੀ ਪ੍ਰਕਾਰ ਦੀਆਂ ਕਹਾਣੀਆਂ, ਜਿਹਨਾਂ ਵਿਚ ਕਿਤੇ ਨਾ ਕਿਤੇ ਮੈਂ ਆਪ ਸਾਂ। ਚਾਹਿਆ ਤਾਂ ਮੈਂ ਇਹ ਵੀ ਕਿ ਇਹਨਾਂ ਕਹਾਣੀਆਂ ਵਿਚ ਮੈਂ ਆਪਣੇ ਆਪ ਨੂੰ ਪੇਸ਼ ਕਰ ਸਕਾਂ। ਪਰ ਨਹੀਂ, ਇੰਜ ਨਹੀਂ ਸੀ। ਅਸਲ ਵਿਚ ਇਹ ਕਹਾਣੀਆਂ ਲਿਖਕੇ ਮੈਂ ਆਪਣੇ ਆਪ ਨੂੰ ਤਲਾਸ਼ ਕਰ ਰਿਹਾ ਸਾਂ। ਇਹ ਕਹਾਣੀਆਂ ਬਹੁਤ ਹਨ। ਹੁਣ ਇਹ ਵੀ ਲਗਦਾ ਹੈ ਕਿ ਇਹਨਾਂ ਵਿਚ ਮੈਂ ਤਾਂ ਕਿਧਰੇ ਵੀ ਨਹੀਂ। ਮੈਂ ਤਾਂ ਪੇਸ਼ ਹੋ ਹੀ ਨਹੀਂ ਸਕਿਆ। ਮੈਨੂੰ ਤਾਂ ਮੈਂ ਕਿਧਰੇ ਮਿਲਿਆ ਹੀ ਨਹੀਂ। 'ਕੰਧ ਵਿਚ ਉਗਿਆ ਦਰਖਤ', 'ਸ਼ਿਕਨ', 'ਜੁਆਰ ਭਾਟਾ', 'ਅੱਧਾ ਆਦਮੀ' ਤੇ 'ਅਧੂਰੀ ਬਹਿਸ ਦਾ ਸ਼ਹਿਰ' ਵਿਚ ਮੈਂ ਹਾਂ, ਪਰ ਇਹ ਮੈਂ ਨਹੀਂ ਹਾਂ। ਇਹਨਾਂ ਕਹਾਣੀਆਂ ਵਿਚ ਸਾਹਿਤ-ਸਿਰਜਣਾ ਨੂੰ ਮਾਧਿਅਮ ਬਣਾਉਣਾ ਚਾਹਿਆ ਸੀ ਕਿ ਪੇਸ਼ ਹੋ ਸਕਾਂ ਕਿ ਆਪਣੇ ਆਪ ਨੂੰ ਲੱਭ ਸਕਾਂ। ਇਕ ਉਦੇਸ਼ ਇਹ ਵੀ ਸੀ ਕਿ ਕਿਸੇ ਇਕ ਨੂੰ ਦੱਸ ਸਕਾਂ, ਮੈਂ ਤੇਰਾ ਕੀ ਹਾਂ। ਪਰ ਭੋਲੇ ਪੰਛੀ ਨੂੰ ਕੀ ਪਤਾ ਸੀ ਕਿ ਜਿਸ ਕਿਸੇ ਨੂੰ ਮੇਰਾ 'ਵਿਅਕਤੀ' ਪ੍ਰਭਾਵਿਤ ਨਾ ਕਰ ਸਕਿਆ, ਉਹਨੂੰ ਮੇਰੀ ਕਹਾਣੀ ਕੀ ਪ੍ਰਭਾਵਿਤ ਕਰੇਗੀ।

)꞉(



Sri Satguru Jagjit Singh Ji eLibrary NamdhariElibrary@gmail.com




# PARtNER®

Cardigans

Pullovers

*Aute-date Knitters*

A Quality Product of

## UDEY KNITWEARS

Manufacturers & Exporters

A GOVT RECOGNISED EXPORT HOUSE

Street No. 3, Jammu Colony, Opp. Atam Park,
LUDHIANA.

Phones : 424438, 423685, 494841

Fax No. : 91-161-494131


Sri Satguru Jagjit Singh Ji eLibrary NamdhariElibrary@gmail.com

# ਗੁਰਮੁਖੀ ਲਿਪੀ ਵਿਚ ਪ੍ਰਾਪਤ ਹਿੰਦੀ ਸਾਹਿਤ

—ਡਾ. ਨਰੇਸ਼
ਮੁਖੀ, ਭਾਈ ਵੀਰ ਸਿੰਘ ਚੇਅਰ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਹਿੰਦੀ ਲਈ ਵਰਤੀ ਜਾਂਦੀ ਦੇਵ-ਨਾਗਰੀ ਲਿੱਪੀ ਦੇ ਵਿਰੁਧ ਗੁਰਮੁਖੀ ਅੱਖਰਾਂ ਵਿਚ ਲਿਖਿਆ ਹੋਣ ਕਾਰਨ ਹਿੰਦੀ ਸਾਹਿਤ ਦਾ ਇਕ ਵੱਡਾ ਸਰਮਾਇਆ ਜਿਥੇ ਹਿੰਦੀ ਦੇ ਇਤਿਹਾਸਕਾਰਾਂ ਦੀ ਪਹੁੰਚ ਤੋਂ ਪਰ੍ਹਾਂ ਰਹਿ ਗਿਆ, ਉਥੇ ਪੰਜਾਬੀ ਦੇ ਇਤਿਹਾਸਕਾਰਾਂ ਨੇ ਉਸਨੂੰ ਪੰਜਾਬੀ ਦਾ ਆਦਿ-ਕਾਲੀਨ ਸਾਹਿਤ ਆਖ ਕੇ ਹਿੱਕ ਨਾਲ ਲਾ ਲਿਆ। ਲਿਪੀ-ਭਿੰਨਤਾ ਨੇ ਹਿੰਦੀ ਸਾਹਿਤ ਦੇ ਇਤਿਹਾਸ ਨੂੰ ਅਪੂਰਨ ਰੱਖ ਛੱਡਿਆ ਹੈ।

ਪੰਜਾਬ ਵਿਚ ਰਚਿਤ ਸਾਹਿਤ ਦਾ ਇਕ ਰੋਚਕ ਪੱਖ ਇਹ ਹੈ ਕਿ ਜਿਵੇਂ ਹਿੰਦੀ ਸਾਹਿਤ ਦੇ ਆਧੁਨਿਕ ਕਾਲ ਦੇ ਮੁੱਢਲੇ ਦਿਨਾਂ ਵਿਚ ਕਵਿਤਾ ਅਤੇ ਵਾਰਤਕ ਲਈ ਵੱਖ-ਵੱਖ ਭਾਸ਼ਾਵਾਂ (ਬ੍ਰਜ ਅਤੇ ਖੜੀ ਬੋਲੀ) ਦਾ ਪ੍ਰਯੋਗ ਪ੍ਰਚਲਿਤ ਸੀ ਉਸੇ ਤਰ੍ਹਾਂ ਪੰਜਾਬ ਵਿਚ ਵੀ ਅਨੇਕਾਂ ਸਾਹਿਤਕਾਰਾਂ ਨੇ ਕਵਿਤਾ ਲਈ ਵੱਖਰੀ (ਬ੍ਰਜ) ਅਤੇ ਵਾਰਤਕ ਲਈ ਵੱਖਰੀ (ਪੰਜਾਬੀ) ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਪੰਜਾਬੀ ਦੇ ਅਨੇਕਾਂ ਵਾਰਤਕਕਾਰ ਅਜਿਹੇ ਹਨ ਜਿਹਨਾਂ ਵਾਰਤਕ ਲਿਖਣ ਲਈ ਤਾਂ ਬੜੀ ਸ਼ਰਧਾ ਨਾਲ ਪੰਜਾਬੀ ਦਾ ਪ੍ਰਯੋਗ ਕੀਤਾ ਹੈ, ਪਰ ਕਵਿਤਾ ਲਿਖਣ ਸਮੇਂ ਉਹਨਾਂ ਦੀ ਰੁਚੀ ਬ੍ਰਜ ਭਾਸ਼ਾ ਨੂੰ ਅਪਨਾਉਣ ਦੀ ਹੀ ਰਹੀ ਹੈ। ਇਸਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਇਹ ਕਿ ਗੁਰਬਾਣੀ ਦੇ ਮਾਧਿਅਮ ਨਾਲ ਹਿੰਦੀ ਦਾ ਬ੍ਰਜ ਰੂਪ ਲੋਕ ਮਨ ਵਿਚ ਆਪਣੀ ਥਾਂ ਬਣਾ ਚੁੱਕਾ ਸੀ, ਤੇ ਦੂਜਾ ਇਹ ਕਿ ਇਹਨਾਂ ਕਵੀਆਂ ਦੇ ਮਨ ਵਿਚ ਹਿੰਦੀ-ਭਾਸ਼ੀ ਸਮਾਜ ਤਕ ਸਿੱਖ-ਮਤ ਨੂੰ ਪੁਚਾਉਣ ਦੀ ਇੱਛਾ ਪ੍ਰਬਲ ਰਹੀ ਹੋਵੇਗੀ।

ਉਕਤ ਸਥਿਤੀ ਹਾਸੋਹੀਣੀ ਵੀ ਹੈ ਤੇ ਅਫਸੋਸਨਾਕ ਵੀ ਕਿ ਜਿੰਨਾ ਸਾਹਿਤ ਨਾਗਰੀ ਅੱਖਰਾਂ ਵਿਚ ਉਪਲਬਧ ਸੀ, ਹਿੰਦੀ ਸਾਹਿਤ ਦੇ ਇਤਿਹਾਸਕਾਰਾਂ ਨੇ ਉਨੇ ਤੇ ਹੀ ਸੰਤੋਖ ਕਰ ਲਿਆ। ਸਿੱਟਾ ਇਹ ਹੋਇਆ ਕਿ ਹਿੰਦੀ ਦੇ ਕਵੀ ਹੋਣ ਦੇ ਬਾਵਜੂਦ ਅਨੇਕਾਂ ਕਵੀ, ਲਿਪੀ-ਭਿੰਨਤਾ ਕਾਰਨ ਹੀ, ਹਿੰਦੀ ਦੇ ਪਾਠਕਾਂ ਤਕ ਪਹੁੰਚਣੋਂ ਰਹਿ ਗਏ। ਇਸ ਲੇਖ ਵਿਚ ਮੇਰਾ ਮੰਤਵ ਗੁਰਮੁੱਖੀ ਲਿਖੀ ਵਿਚ ਉਪਲਬਧ ਹਿੰਦੀ-ਸਾਹਿਤ ਦਾ ਕੈਟੇਲੌਗ ਤਿਆਰ ਕਰਨਾ ਨਹੀਂ ਹੈ, ਇਸ ਲਈ ਮੈਂ ਚਾਰ ਸਦੀਆਂ ਦੇ ਲੰਮੇ ਕੈਨਵਸ ਤੋਂ ਕੁਝ ਮਹੱਤਵਪੂਰਨ ਨੁਕਤੇ ਚੁਗ ਰਿਹਾ ਹਾਂ ਤਾਂ ਜੋ ਇਹ ਪਤਾ ਲਗ ਸਕੇ ਕਿ ਹਿੰਦੀ ਦਾ ਕਿੱਡਾ ਸੋਹਣਾ ਤੇ ਕਿਸ ਪੱਧਰ ਦਾ ਸਾਹਿਤ ਗੁਰਮੁਖੀ ਲਿਪੀ ਨੇ ਆਪਣੀ ਬੁੱਕਲ ਵਿਚ ਸਾਂਭਿਆ ਹੋਇਆ ਹੈ।

## ਮਨੋਹਰ ਦਾਸ ਮਿਹਰਬਾਨ :

ਇਸ ਸਬੰਧ ਵਿਚ ਮੈਂ ਸਭ ਤੋਂ ਪਹਿਲਾਂ ਸੋਢੀ ਮਨੋਹਰ ਦਾਸ ਮਿਹਰਬਾਨ ਦਾ ਜ਼ਿਕਰ ਕਰਨਾ ਚਾਹਾਂਗਾ ਕਿਉਂਕਿ ਮੇਰੀ ਦ੍ਰਿਸ਼ਟੀ ਵਿਚ ਮਿਹਰਬਾਨ ਸਭ ਤੋਂ ਵੱਧ ਉਪੇਖਿਤ ਸਾਹਿਤਕਾਰ ਹੈ। ਲਿਪੀ-ਭਿੰਨਤਾ ਕਾਰਨ ਹਿੰਦੀ ਦੇ ਵਿਦਵਾਨਾਂ ਵਲੋਂ ਤਾਂ ਉਸਦਾ ਉਪੇਖਿਤ ਰਹਿਣਾ ਸੁਭਾਵਕ ਹੀ ਸੀ ਪਰ ਪੰਜਾਬੀ ਦੇ ਵਿਦਵਾਨਾਂ ਨੇ ਵੀ ਉਸਨੂੰ ਸਾਹਿਤ ਦੇ ਇਤਿਹਾਸ ਵਿਚ ਯੋਗ ਸਥਾਨ ਨਹੀਂ ਦਿੱਤਾ। ਕਾਰਨ ਇਹ ਕਿ ਪੰਜਾਬੀ ਦੇ ਇਤਿਹਾਸਕਾਰਾਂ ਨੂੰ ਉਸਦਾ ਗੁਰੂ-ਘਰ ਪ੍ਰਤੀ ਧਰੋਹ ਨਹੀਂ ਸੀ ਭੁੱਲਦਾ ਤੇ ਸੋਢੀ ਮਿਹਰਬਾਨ ਪ੍ਰਤੀ ਉਹਨਾਂ ਦਾ ਰਾਏ ਕਦੀ ਠੀਕ ਨਹੀਂ ਹੋ ਸਕੀ ਸੀ।

ਮਿਹਰਬਾਨ ਦੀਆਂ ਰਚਨਾਵਾਂ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ...ਗੋਸਟਿ (ਜੀਵਨੀ ਸਾਹਿਤ), ਪਰਮਾਰਥ (ਵਿਆਖਿਆ ਸਾਹਿਤ) ਤੇ ਬਾਣੀ (ਕਾਵਿ ਸਾਹਿਤ)। 'ਗੋਸਟਿ ਸਾਹਿਤ' ਵਿਚ ਮਿਹਰਬਾਨ ਨੇ ਉਧੱਵ, ਨਿਕਲੰਕੀ ਅਵਤਾਰ, ਗੋਰਖਨਾਥ, ਗੋਰਖ ਵਿਆਸ, ਗੋਪੀ ਚੰਦ, ਮੈਨਾਵਤੀ, ਕਬੀਰ ਆਦਿ ਦੀਆਂ ਗੋਸਟੀਆਂ ਤੋਂ ਬਿਨਾਂ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਵੀ ਲਿਖੀ, ਜਿਸ ਨੂੰ 'ਸਚਖੰਡ ਪੋਥੀ' ਦਾ ਨਾਂ ਦਿੱਤਾ। ਵਾਰਤਕ ਦੀਆਂ ਇਹਨਾਂ ਰਚਨਾਵਾਂ ਦੀ ਭਾਸ਼ਾ ਉਸ ਸਮੇਂ ਦੀ ਪ੍ਰਚਲਿਤ ਪਰੰਪਰਾ ਦੇ ਅਨੁਸਾਰ ਪੰਜਾਬੀ ਨਹੀਂ ਹੈ, ਸਗੋਂ ਇਹ ਰਚਨਾਵਾਂ ਬੜੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ। 'ਪਰਮਾਰਥ ਸਾਹਿਤ' ਵਿਚ ਮਿਹਰਬਾਨ ਨੇ ਗੁਰੂ ਨਾਨਕ ਦੇਵ ਦੀ ਬਾਣੀ ਦੇ ਅਰਥ ਦੇ ਕੇ ਉਸਦੀ ਬੜੀ ਸੁੰਦਰ ਵਿਆਖਿਆ ਕੀਤੀ ਹੈ। 'ਬਾਣੀ' ਵਿਚ ਮਿਹਰਬਾਨ ਨੇ ਕੁਝ ਕੁ ਵਾਰਾਂ ਤੋਂ ਬਿਨਾ ਸ਼ਲੋਕਾਂ ਦੀ ਰਚਨਾ ਕੀਤੀ ਹੈ, ਜੋ ਗੁਰੂ



Sri Satguru Jagjit Singh Ji eLibrary NamdhariElibrary@gmail.com

ਗ੍ਰੰਥ ਸਾਹਿਬ ਦੇ ਅਨੁਰੂਪ ਰਾਗਾਂ 'ਤੇ ਆਧਾਰਿਤ ਹੈ ਅਤੇ ਜਿਹਨਾਂ ਵਿਚ ਕਵੀ ਨੇ ਪਰੰਪਰਾ ਵਿਚ ਤੁਰੀ ਆ ਰਹੀ 'ਨਾਨਕ' ਨਾਂ ਦੀ ਛਾਪ ਦਿੱਤੀ ਹੈ।

**ਸੰਤ ਰੇਣ :**

ਉਦਾਸੀ ਸੰਪ੍ਰਦਾਇ ਦੇ ਸੰਤ ਰੇਣ ਦਾ ਹਿੰਦੀ-ਕਾਵਿ, ਹਿੰਦੀ ਸਾਹਿਤ ਵਿਚ ਇਕ ਨਵੀਂ ਦ੍ਰਿਸ਼ਟੀ ਦਾ ਆਰੰਭ ਕਰਦਾ ਹੈ। ੧੭੪੧ ਵਿਚ ਪੈਦਾ ਹੋਏ ਸੰਤ ਰੇਣ ਬਚਪਨ ਵਿਚ ਹੀ ਉਦਾਸੀ ਸੰਪ੍ਰਦਾਇ ਵਿਚ ਆ ਰਲੇ ਸਨ ਤੇ ਉਹਨਾਂ ਦੀ ਕਾਵਿ-ਸਾਧਨਾ ਦਾ ਉਦੇਸ਼ ਉਦਾਸੀ ਵਿਚਾਰਧਾਰਾ ਦਾ ਪ੍ਰਚਾਰ-ਪਸਾਰ ਸੀ। ਆਪਣੀ ਲੰਮੀ ਜ਼ਿੰਦਗੀ ਵਿਚ ਉਹਨਾਂ ਪੰਜ ਕਾਵਿ-ਗ੍ਰੰਥਾਂ ਦੀ ਰਚਨਾ ਕੀਤੀ। ਇਹ ਹਨ—ਮਨ-ਪ੍ਰਬੋਧ, ਨਾਨਕ ਵਿਜੈ, ਨਾਨਕ ਬੋਧ, ਬਚਨ ਸੰਗ੍ਰਹਿ ਤੇ ਉਦਾਸੀ ਬੋਧ।

'ਮਨ ਪ੍ਰਬੋਧ' ਕਵੀ ਦੀ ਉਪਦੇਸ਼ਾਤਮਕ ਰਚਨਾ ਹੈ, ਜਿਸ ਵਿਚ ਕਵੀ ਨੇ ਮਨੁੱਖੀ ਮਨ ਨੂੰ ਸੰਸਾਰਿਕ ਵਿਸ਼ੇ-ਵਾਸਨਾ ਤੋਂ ਪਰ੍ਹਾਂ ਰਹਿਣ ਦੀ ਸਿਖਿਆ ਦਿੱਤੀ ਹੈ। 'ਨਾਨਕ ਵਿਜੈ' ਨਾਮਕ ਮਹਾਂਕਾਵਿ ਵਿਚ ਗੁਰੂ ਨਾਨਕ ਦੇਵ ਦੀ ਜੀਵਨੀ ਨੂੰ ਕਾਵਿ-ਰੂਪ ਦਿੱਤਾ ਗਿਆ ਹੈ। 'ਨਾਨਕ ਬੋਧ' ਦੀ ਮੂਲ ਪ੍ਰਤੀ ਉਪਲਬਧ ਨਹੀਂ ਹੈ, ਪਰ ਅਨੁਮਾਨ ਹੈ ਕਿ ਇਸ ਪੁਸਤਕ ਵਿਚ ਸੰਤ ਰੇਣ ਨੇ ਗੁਰੂ ਨਾਨਕ ਦੇ ਦਰਸ਼ਨ ਅਤੇ ਉਪਦੇਸ਼ਾਂ ਦੀ ਸਰਲ ਵਿਆਖਿਆ ਪ੍ਰਸਤੁਤ ਕੀਤੀ ਹੈ। 'ਬਚਨ ਸੰਗ੍ਰਹਿ' ਵਿਚ ਗੁਰੂ-ਸ਼ਿਸ-ਸੰਵਾਦ ਰਾਹੀਂ ਬ੍ਰਹਮ ਅਤੇ ਆਤਮਾ ਦੇ ਸਬੰਧ ਨੂੰ ਸਪਸ਼ਟ ਕੀਤਾ ਗਿਆ ਹੈ। 'ਉਦਾਸੀ ਬੋਧ' ਵਿਚ ਕਵੀ ਨੇ ਉਦਾਸੀ ਸੰਪ੍ਰਦਾਇ ਦੇ ਇਤਿਹਾਸ ਨੂੰ ਸੁਰਖਿਅਤ ਕੀਤਾ ਹੈ।

ਰੀਤੀ-ਕਾਲ ਵਿਚ ਹੋਏ ਇਸ ਕਵੀ ਨੂੰ ਭਾਵੇਂ ਹਿੰਦੀ-ਸਾਹਿਤ ਵਿਚ ਯੋਗ ਸਥਾਨ ਨਹੀਂ ਦਿੱਤਾ ਗਿਆ ਹੈ, ਪਰ ਨਿਸ਼ਚੇ ਹੀ ਸੰਤ ਰੇਣ ਦਾ ਕਾਵਿ ਹਿੰਦੀ ਸਾਹਿਤ ਦਾ ਵਡਮੁੱਲਾ ਵਿਰਸਾ ਹੈ, ਜਿਸ ਨੂੰ ਲੈਕੇ ਹਿੰਦੀ ਸਾਹਿਤ ਦੇ ਗੌਰਵ ਵਿਚ ਵਾਧਾ ਹੋ ਸਕਦਾ ਹੈ।

**ਭਾਈ ਸੰਤੋਖ ਸਿੰਘ :**

ਇਸ ਪਰੰਪਰਾ ਦਾ ਅਗਲਾ ਮਹੱਤਵਪੂਰਨ ਨਾਂ ਭਾਈ ਸੰਤੋਖ ਸਿੰਘ ਹੈ। ਸੰਨ ੧੭੯੮ ਵਿਚ, ਅੰਮ੍ਰਿਤਸਰ ਵਿਖੇ ਜੰਮੇ, ਕਵੀ ਸੰਤੋਖ ਸਿੰਘ ਨੇ ਲਗਭਗ ਸਾਰੀ ਉਮਰ ਵਿਭਿੰਨ ਰਾਜਾਂ ਦੇ ਆਸਰੇ ਹੇਠਾਂ ਰਹਿਕੇ ਅਨੇਕਾਂ ਗ੍ਰੰਥਾਂ ਦੀ ਰਚਨਾ ਕੀਤੀ। ਬ੍ਰਜ ਭਾਸ਼ਾ ਵਿਚ ਰਚਿਤ ਤੇ ਗੁਰਮੁਖੀ ਲਿਪੀ ਵਿਚ ਸੁਰਖਿਅਤ ਉਹਨਾਂ ਦੀਆਂ ਅਨੇਕਾਂ ਰਚਨਾਵਾਂ ਵਿਚੋਂ ਸਿਰਫ ਛੇ ਰਚਨਾਵਾਂ ਹੀ ਪ੍ਰਾਪਤ ਹੋਈਆਂ ਹਨ ਜਿਹਨਾਂ ਦੀ ਪ੍ਰਮਾਣੀਕਤਾ ਤੇ ਸੰਦੇਹ ਨਹੀਂ ਹੈ। ਇਹ ਹਨ ਨਾਨਕ ਪ੍ਰਕਾਸ਼, ਗਰਵ ਗੰਜਨੀ, ਬਾਲਮੀਕੀ ਰਾਮਾਇਣ, ਆਤਮ ਪੁਰਾਣ ਤੇ ਗੁਰੂ ਪ੍ਰਤਾਪ ਸੂਰਜ।

'ਨਾਨਕ ਪ੍ਰਕਾਸ਼' ਵਿਚ ਕਵੀ ਨੇ ਗੁਰੂ ਸਾਹਿਬਾਨ ਨੂੰ ਅਕਾਲ ਪੁਰਖ ਦੇ ਅਵਤਾਰਾਂ ਦੇ ਰੂਪ ਵਿਚ ਪੇਸ਼ ਕਰਕੇ ਉਹਨਾਂ ਪ੍ਰਤੀ ਆਪਣੀ ਡੂੰਘੀ ਸ਼ਰਧਾ ਦਾ ਪ੍ਰਗਟਾ ਕੀਤਾ ਹੈ। 'ਗਰਵ ਗੰਜਨੀ' ਜਪੁਜੀ ਸਾਹਿਬ ਦਾ ਟੀਕਾ ਹੈ। 'ਬਾਲਮੀਕੀ ਰਾਮਾਇਣ' ਸੰਸ਼ਕ੍ਰਿਤ ਵਿਚ ਲਿਖੀ ਬਾਲਮੀਕੀ ਦੀ ਰਾਮਾਇਣ ਦੀ ਵਿਆਖਿਆ ਹੈ। 'ਆਤਮ ਪੁਰਾਣ' ਵਿਚ ਕਵੀ ਨੇ ਵੇਦਾਂਤ ਸਬੰਧੀ ਆਪਣੇ ਗਿਆਨ ਦੇ ਆਧਾਰ ਤੇ ਕਰਮ, ਗਿਆਨ, ਭਗਤੀ ਅਤੇ ਯੋਗ ਦੀ ਭਰਪੂਰ ਵਿਆਖਿਆ ਕੀਤੀ ਹੈ।

'ਗੁਰੂ ਪ੍ਰਤਾਪ ਸੂਰਜ' ਵਿਚ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਨਾਲ ਸੰਬੰਧਤ ਅਨੇਕਾਂ ਘਟਨਾਵਾਂ ਦੇ ਵਰਨਣ ਰਾਹੀਂ ਉਹਨਾਂ ਦੀ ਮਹਿਮਾ ਸਥਾਪਿਤ ਕੀਤੀ ਗਈ ਹੈ।

ਭਾਈ ਸੰਤੋਖ ਸਿੰਘ ਨੂੰ ਸਿੱਖ-ਮਤ ਤੇ ਬੜੀ ਸ਼ਰਧਾ-ਪੂਰਨ ਨਿਸ਼ਠਾ ਸੀ ਤੇ ਗੁਰੂ ਸਾਹਿਬਾਨ ਉਹਨਾਂ ਦੀ ਭਗਤੀ ਦਾ ਕੇਂਦਰ ਸਨ। ਸ਼ਰਧਾ ਦੇ ਇਸੇ ਭਾਵ ਤੋਂ ਪ੍ਰੇਰਿਤ ਹੋ ਕੇ ਸੰਤੋਖ ਸਿੰਘ ਨੇ ਨਾ ਸਿਰਫ ਗੁਰੂ ਸਾਹਿਬਾਨ ਦੀ ਮਹਿਮਾ ਅਤੇ ਮਹਾਨਤਾ ਨੂੰ ਹੀ ਆਪਣੇ ਕਾਵਿ ਦਾ ਵਿਸ਼ਾ ਬਣਾਇਆ ਸਗੋਂ ਇਧਰ-ਉਧਰ ਖਿੰਡਰੇ ਪਏ ਸਿੱਖ ਇਤਿਹਾਸ ਦੇ ਪੱਤਰੇ ਵੀ ਜਮ੍ਹਾਂ ਕੀਤੇ ਤੇ ਉਹਨਾਂ ਨੂੰ ਆਪਣੇ ਕਾਵਿ ਰਾਹੀਂ ਕ੍ਰਮਬੱਧ ਕੀਤਾ।

**ਗਿਆਨੀ ਗਿਆਨ ਸਿੰਘ :**

ਪੰਜਾਬੀ ਵਿਚ ਵਾਰਤਕ ਅਤੇ ਹਿੰਦੀ ਵਿਚ ਕਾਵਿ-ਰਚਨਾ ਕਰਨ ਵਾਲੇ ਸਾਹਿਤਕਾਰ ਗਿਆਨੀ ਗਿਆਨ ਸਿੰਘ ਦਾ ਜਨਮ ਸੰਨ ੧੮੨੨ ਵਿਚ ਪਟਿਆਲਾ ਰਾਜ ਦੇ ਪਿੰਡ ਲੌਂਗੋਵਾਲ ਵਿਖੇ ਹੋਇਆ। ਕੁਝ ਸਮਾਂ ਉਦਾਸੀ ਸੰਪਰਦਾਇ ਵਿਚ ਸ਼ਾਮਲ ਰਹਿਕੇ ਉਹ ਅਖੀਰ ਨਿਰਮਲੇ ਸੰਪਰਦਾਇ ਵਿਚ ਆ ਰਲੇ ਤੇ ਨਾਭਾ ਅਤੇ ਪਟਿਆਲਾ ਰਾਜਾਂ ਦੀ ਛਤਰ-ਛਾਇਆ ਹੇਠਾਂ ਰਹਿਕੇ ਸਾਹਿਤ ਰਚਨਾ ਕਰਦੇ ਰਹੇ। ਹਿੰਦੀ ਕਵਿਤਾ ਦੇ ਸੰਦਰਭ ਵਿਚ ਇਥੇ ਉਹਨਾਂ ਦੀਆਂ ਦੋ ਰਚਨਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਹ ਹਨ—'ਪੰਥ



Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼' ਅਤੇ 'ਰਿਪੁਦਮਦਨ ਪ੍ਰਕਾਸ਼' ।

'ਪੰਥ ਪ੍ਰਕਾਸ਼' ਵਿਚ ਗਿਆਨੀ ਜੀ ਨੇ ਸਿੱਖ ਰਾਜ ਦੇ ਉਦੈ ਤੋਂ ਲੈ ਕੇ ਇਸ ਦੇ ਪਤਨ ਤੱਕ ਦਾ ਇਤਿਹਾਸ ਲਿਖਿਆ ਹੈ । ਇਸ ਰਚਨਾ ਵਿਚ ਕਵੀ ਨੇ ਸਿਮ੍ਰਤੀਆਂ ਅਤੇ ਪੁਰਾਣਾਂ ਤੋਂ ਦ੍ਰਿਸ਼ਟਾਂਤ ਲੈਕੇ ਗੁਰੂ ਨਾਨਕ ਨੂੰ ਅਵਤਾਰੀ ਪੁਰਖ ਸਿਧ ਕਰਨ ਦਾ ਜਤਨ ਵੀ ਕੀਤਾ ਹੈ । 'ਰਿਪੁਦਮਨ ਪ੍ਰਕਾਸ਼' ਵਿਚ ਨਾਭੇ ਦੇ ਰਾਜਾ ਰਿਪੁਦਮਨ ਸਿੰਘ ਦੇ ਜੀਵਨ ਅਤੇ ਉਸਦੇ ਰਾਜ-ਭਾਗ ਦਾ ਅੱਖੀਂ ਡਿੱਠਾ ਇਤਿਹਾਸ ਕਵਿਤਾ ਰਾਹੀਂ ਪੇਸ਼ ਕੀਤਾ ਗਿਆ ਹੈ ।

ਇਹਨਾਂ ਦੋਵਾਂ ਗਰੰਥਾਂ ਤੋਂ ਕਵੀ ਦੀ ਕਾਵਿ-ਕੁਸ਼ਲਤਾ ਅਤੇ ਇਤਿਹਾਸ ਸਬੰਧੀ ਉਸਦੀ ਡੂੰਘੀ ਖੋਜਪਰਕ ਦ੍ਰਿਸ਼ਟੀ ਦਾ ਪਤਾ ਲਗਦਾ ਹੈ । ਅਨੇਕਾਂ ਛੰਦਾਂ ਦੇ ਪ੍ਰਯੋਗ ਰਾਹੀਂ ਜਿਥੇ ਇਕ ਪਾਸੇ ਕਵੀ ਨੇ ਛੰਦ-ਰਚਨਾ ਵਿਚ ਆਪਣੀ ਸਿੱਧੀ ਦਾ ਪਤਾ ਦਿਤਾ ਹੈ, ਉਥੇ ਦੂਜੇ ਪਾਸੇ ਉਸਦੀ ਸ਼ੈਲੀ ਅਜਿਹੀ ਪ੍ਰਭਾਵਦਾਇਕ ਸਿੱਧ ਹੋਈ ਹੈ ਕਿ ਪਾਠਕ ਦਾ ਮਨ ਮੋਹ ਲੈਂਦੀ ਹੈ ।

**ਅਮੀਰ ਦਾਸ :**

ਸੰਨ ੧੭੭੫ ਦੇ ਨੇੜੇ-ਤੇੜੇ ਪਟਿਆਲਾ ਰਾਜ ਵਿਚ ਜੰਮੇ ਕਵੀ ਅਮੀਰ ਦਾਸ ਵੀ ਉਦਾਸੀ ਸੰਪ੍ਰਦਾਇ ਦੇ ਸਾਧ ਸਨ, ਪਰ ਸਾਹਿਤ ਦੇ ਖੇਤਰ ਵਿਚ ਉਹ ਇਕ ਪ੍ਰਤਿਭਾਸ਼ਾਲੀ ਕਵੀ ਹੀ ਨਹੀਂ ਸਨ ਸਗੋਂ ਇਕ ਆਚਾਰੀਆ ਵੀ ਸਨ । ਕਾਵਿ-ਸ਼ਾਸਤਰ ਸੰਬੰਧੀ ਉਹਨਾਂ ਦਾ ਡੂੰਘਾ ਅਧਿਐਨ ਅਤੇ ਭਰਪੂਰ ਜਾਣਕਾਰੀ ਹੀ ਸੀ ਜਿਸਨੇ ਉਹਨਾਂ ਤੋਂ ਕਾਵਿ-ਗਰੰਥਾਂ ਤੋਂ ਬਿਨਾਂ ਕਾਵਿ-ਸ਼ਾਸਤਰੀ-ਗਰੰਥਾਂ ਦੀ ਰਚਨਾ ਵੀ ਕਰਾਈ ।

ਅਜੇ ਤਕ ਅਮੀਰ ਦਾਸ ਦੀਆਂ ਪੰਜ ਰਚਨਾਵਾਂ ਹੀ ਉਪਲਬਧ ਹੋ ਸਕੀਆਂ ਹਨ । ਇਹ ਹਨ – ਸਭਾ ਮੰਡਨ, ਸ੍ਰੀ ਕ੍ਰਿਸ਼ਨ ਸਾਹਿਤਯ ਸਿੰਧੂ, ਵ੍ਰਿੱਤ ਚੰਦ੍ਰੋਦਯ, ਬ੍ਰਜਰਾਜ ਵਿਲਾਸ ਅਤੇ ਸ਼ੇਰ ਸਿੰਘ ਪ੍ਰਕਾਸ਼ । ਇਹਨਾਂ ਰਚਨਾਵਾਂ ਵਿਚੋਂ ਹੀ ਇਸ ਕਵੀ ਦੀਆਂ ਤਿੰਨ ਹੋਰ ਰਚਨਾਵਾਂ ਦੀ ਸੂਚਨਾ ਵੀ ਮਿਲਦੀ ਹੈ, ਪਰ ਉਹ ਰਚਨਾਵਾਂ ਉਪਲਬਧ ਨਹੀਂ ਹਨ । ਇਹ ਹਨ —ਫਾਗ ਪਚੀਸੀ, ਗ੍ਰੀਸ਼ਮ ਵਿਲਾਸ ਅਤੇ ਭਾਗਵਤ ਰਤਨਾਕਰ । ਇਹਨਾਂ ਅੱਠ ਕਾਵਿ-ਗਰੰਥਾਂ ਤੋਂ ਬਿਨਾਂ ਅਮੀਰ ਦਾਸ ਨੇ ਤਿੰਨ ਹੋਰ ਗਰੰਥ ਵੀ ਰਚੇ ਸਨ, ਜੋ ਕਾਵਿ-ਕ੍ਰਿਤਾਂ ਨਹੀਂ ਹਨ । ਇਹ ਗਰੰਥ ਹਨ—ਅਮੀਰ ਪ੍ਰਕਾਸ਼, ਵੈਦਯ ਕਲਪਤਰੂ ਅਤੇ ਅਸ਼ਵ ਸੰਹਿਤਾ ।

'ਸਭਾ ਮੰਡਨ' ਵਿਚ ਕਵੀ ਤੇ ਕਾਵਿ-ਰੀਤੀਆਂ ਦੀ ਵਿਵੇਚਨਾ ਕੀਤੀ ਹੈ । 'ਸ੍ਰੀ ਕ੍ਰਿਸ਼ਨ ਸਾਹਿਤਯ ਸਿੰਧੂ' ਵਿਚ ਕਾਵਿ-ਸ਼ਾਸਤ੍ਰ ਦਾ ਵਿਵੇਚਨ ਹੋਇਆ ਹੈ ਅਤੇ 'ਵ੍ਰਿੱਤ ਚੰਦ੍ਰੋਦਯ' ਵਿਚ ਛੰਦ ਸ਼ਾਸਤਰ ਬਾਰੇ ਸਰਬ-ਪੱਖੀ ਵਿਚਾਰ ਕੀਤੀ ਗਈ ਹੈ । ਇਹ ਤਿੰਨੇ ਗ੍ਰੰਥ ਕਾਵਿ ਸ਼ਾਸਤਰੀ ਗ੍ਰੰਥ ਹਨ, ਜਿਹਨਾਂ ਦੀ ਰਚਨਾ ਕਰਕੇ ਅਮੀਰ ਦਾਸ 'ਆਚਾਰੀਆ' ਅਖਾਉਣ ਦੇ ਅਧਿਕਾਰੀ ਬਣਦੇ ਹਨ । 'ਬ੍ਰਜਰਾਜ ਵਿਲਾਸ' ਨਾਮੀ ਰਚਨਾ ਵਿਚ ਅਮੀਰ ਦਾਸ ਨੇ 'ਸਤਸਈ' ਰਾਹੀਂ ਕ੍ਰਿਸ਼ਨ ਅਤੇ ਰਾਧਾ ਦੇ ਵਿਲਾਸ ਦਾ ਚਿਤ੍ਰਣ ਕੀਤਾ ਹੈ । 'ਸ਼ੇਰ ਸਿੰਘ ਪ੍ਰਕਾਸ਼' ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਸ਼ੇਰ ਸਿੰਘ ਦੀ ਜੀਵਨੀ ਕਵਿਤਾ ਵਿਚ ਸਾਂਭੀ ਹੋਈ ਹੈ ।

**ਸਾਹਿਬ ਸਿੰਘ ਮ੍ਰਿਗੇਂਦ੍ਰ :**

ਸੰਨ ੧੮੦੦ ਦੇ ਨੇੜੇ-ਤੇੜੇ ਲਾਹੌਰ ਵਿਖੇ ਜੰਮੇ ਅਤੇ ਮਗਰੋਂ ਜੀਂਦ ਦਰਬਾਰ ਦੇ ਦਰਬਾਰੀ ਕਵੀ ਬਣੇ ਸਾਹਿਬ ਸਿੰਘ ਮ੍ਰਿਗੇਂਦ੍ਰ ਨੇ ਹਿੰਦੀ ਸਾਹਿਤ ਦੀ ਅਮੀਰੀ ਵਿਚ ਵਾਧਾ ਕਰਨ ਲਈ ਜੋ ਯੋਗਦਾਨ ਪਾਇਆ ਹੈ, ਉਹ ਮਹੱਤਵਪੂਰਨ ਵੀ ਹੈ ਤੇ ਸ਼ਲਾਘਾਯੋਗ ਵੀ । ਹਿੰਦੀ ਸਾਹਿਤ ਨੂੰ ਬਹੁ-ਪੱਖੀ ਸਮਰਿੱਧੀ ਦੇਣ ਦਾ ਅਤੇ ਕਵਿਤਾ ਰਾਹੀਂ ਗੈਰ-ਸਾਹਿਤਿਕ ਦ੍ਰਿਸ਼ਿਆਂ ਦੇ ਨਿਰੂਪਣ ਦਾ ਜੋ ਉਪਰਾਲਾ ਉਹਨਾਂ ਕੀਤਾ ਹੈ ਉਸ ਤੋਂ ਉਹਨਾਂ ਦੀ ਗੈਰ-ਮਾਮੂਲੀ ਸਾਹਿਤਿਕ ਪ੍ਰਤਿਭਾ ਦਾ ਪਤਾ ਲਗਦਾ ਹੈ । ਮ੍ਰਿਗੇਂਦ੍ਰ ਦੀ ਭਾਸ਼ਾ ਬ੍ਰਜ ਹੈ ਅਤੇ ਉਹਨਾਂ ਦੀਆਂ ਸਮੂਹ ਰਚਨਾਵਾਂ ਦੀ ਲਿਪੀ ਗੁਰਮੁਖੀ ਹੈ ।

ਕੁਲ ਮਿਲਾ ਕੇ, ਮ੍ਰਿਗੇਂਦ੍ਰ ਨੇ ਉੱਨੀ ਕਾਵਿ-ਗ੍ਰੰਥਾਂ ਦੀ ਰਚਨਾ ਕੀਤੀ ਹੈ । ਇਹਨਾਂ ਵਿਚ ਪ੍ਰੇਮ-ਕਾਵਿ ਵੀ ਹੈ, ਇਤਿਹਾਸ ਸਬੰਧੀ ਰਚਨਾਵਾਂ ਵੀ ਹਨ, ਰਾਜ-ਧਰਮ ਦੀ ਵਿਆਖਿਆ ਵੀ ਹੈ ਰੋਗਾਂ ਦਾ ਇਲਾਜ ਵੀ ਹੈ । ਇਹਨਾਂ ਰਚਨਾਵਾਂ ਦੇ ਨਾਂ ਹਨ —ਅਸ਼ਟ ਮਹਲ, ਰਾਣੀ ਗਜੇਂਦ੍ਰਮਤੀ ਚਰਿਤ, ਬਾਰਾਂਮਾਹ, ਬਾਜੀਵ੍ਰਿੰਦ ਬੋਧ ਗ੍ਰੰਥ, ਮਨੁਮਾਨਸ ਪ੍ਰਵਾਹ, ਪ੍ਰੇਮ ਪ੍ਰਯੋਨਿਧੀ, ਜੋਗ ਯਸ ਪ੍ਰਕਾਸ਼, ਕਵਿਤਾ ਕੁਸੁਮ ਵਾਟਿਕਾ, ਸੁਮਨ ਸੰਜੀਵਨ, ਸ਼ਬਦ ਕੁਮੁਦ ਕਲਾਨਿਧੀ, ਸ੍ਰੀ ਗੁਰੂ ਦਸ਼ਮ ਪੰਚਾਇਕਾ, ਕ੍ਰਿਸ਼ਨ ਕੌਤੂਹਲ, ਸ੍ਰੀ ਭਗਤੀ ਭਾਵ ਪ੍ਰਭਾਕਰ, ਰਾਸ ਮੰਡਲ ਲੀਲਾ, ਬਾਰਾਮਾਸਾ ਸ੍ਰੀ ਕ੍ਰਿਸ਼ਨ ਜੀ, ਗੁਰਮੁੱਖੀ ਮਾਰਗ ਗ੍ਰੰਥ, ਫੂਲ ਵੰਸ ਪ੍ਰਕਾਸ਼, ਮੂਰਖ ਸ਼ਤਕ, ਨਿਜ ਕਰਤੂਤ ਨਤੀਜਾ ।



Sri Satguru Jagjit Singh Ji eLibrary NamdhariElibrary@gmail.com

ਮ੍ਰਿਗੇਂਦ੍ਰ ਦੀਆਂ ਰਚਨਾਵਾ ਤੋਂ ਜਿਥੇ ਉਹਨਾਂ ਦੇ ਵਿਆਕਰਣ ਸਬੰਧੀ ਡੂੰਘੇ ਗਿਆਨ ਦਾ ਪਤਾ ਲਗਦਾ ਹੈ, ਉਥੇ ਉਹਨਾਂ ਦਾ ਹਿਕਮਤ ਸਬੰਧੀ ਗਿਆਨ ਵੀ ਪਾਠਕ ਨੂੰ ਚਕ੍ਰਿਤ ਕਰਦਾ ਹੈ। ਉਹਨਾਂ ਮਨੁੱਖੀ ਵਿਵਹਾਰ ਅਤੇ ਪ੍ਰੇਮ ਦੀਆਂ ਵਿਭਿੰਨ ਅਨੁਭੂਤੀਆਂ ਦਾ ਜੋ ਚਿਤ੍ਰਣ ਕੀਤਾ ਹੈ, ਉਹ ਨਿਰਸੰਦੇਹ ਉੱਚ ਕੋਟੀ ਦਾ ਹੈ। ਇਤਿਹਾਸ ਦੀ ਦ੍ਰਿਸ਼ਟੀ ਤੋਂ, ਉਹਨਾਂ ਦੀ ਰਚਨਾ 'ਫੂਲ ਵੰਸ਼ ਪ੍ਰਕਾਸ਼' ਬਹੁਤ ਮਹੱਤਵਪੂਰਨ ਰਚਨਾ ਹੈ ਜਿਸ ਵਿਚ ਫੂਲ ਖਾਨਦਾਨ ਦੇ ਆਰੰਭ ਤੋਂ ਲੈਕੇ ਜੀਂਦ ਦੇ ਰਾਜਾ ਰਘਬੀਰ ਸਿੰਘ ਦੇ ਸਮੇਂ ਤਕ ਦਾ ਸੰਪੂਰਨ ਵਿਵਰਣ ਦਰਜ ਹੈ।

**ਸੇਵਾ ਸਿੰਘ :**

੧੯ਵੀਂ ਸਦੀ ਦੇ ਪਹਿਲੇ ਅੱਧ ਵਿਚ ਲਾਡਵਾ ਵਿਖੇ ਜੰਮੇ ਭਾਟ ਕਵੀ ਸੇਵਾ ਸਿੰਘ ਦੀ ਚਰਚਾ, ਮੈਂ ਇਥੇ ਇਸ ਲਈ ਕਰ ਰਿਹਾ ਹਾਂ ਕਿ ਉਸਦੀ ਰਚਨਾ ਦੀ ਮੂਲ ਲਿਪੀ ਭਾਵੇਂ ਗੁਰਮੁੱਖੀ ਨਹੀਂ, "ਭੱਟਾਕਸ਼ਰੀ" ਹੈ, ਪਰ ਇਹ ਰਚਨਾ ਅਜੇ ਤਕ ਗੁਰਮੁੱਖੀ ਤੋਂ ਛੁੱਟ ਹੋਰ ਕਿਸੇ ਲਿਪੀ ਵਿਚ ਉਲਥਾਈ ਨਹੀਂ ਗਈ ਹੈ। ਇਸ ਰਚਨਾ ਦਾ ਨਾਂ 'ਸ਼ਹੀਦ ਵਿਲਾਸ' ਹੈ. ਜਿਸਦਾ ਗੁਰਮੁੱਖੀ ਲਿਪੀ ਅੰਤਰ ਸੰਨ ੧੯੭੦ ਵਿਚ ਛੱਜ ਸਿੰਘ ਭੱਟ ਨਾਂ ਦੇ ਵਿਅਕਤੀ ਨੇ ਕੀਤਾ ਸੀ। ਸੰਭਵ ਹੈ ਇਸ ਕਵੀ ਦੀਆਂ ਬਾਕੀ ਦੀਆਂ ਰਚਨਾਵਾਂ ਵੀ ਕਿਧਰੇ ਪਈਆਂ ਹੋਣ, ਪਰ ਉਹਨਾਂ ਦੀ ਲਿਪੀ ਭਿੰਨ ਹੋਣ ਕਾਰਨ ਉਹਨਾਂ ਨੂੰ ਗੌਲਿਆ ਨਾ ਗਿਆ ਹੋਵੇ। ਉਕਤ ਰਚਨਾ ਵੀ ਜੇਕਰ ਗੁਰਮੁਖੀ ਵਿਚ ਉਪਲਬਧ ਨਾ ਹੁੰਦੀ ਤਾਂ ਇਸ ਨੇ ਵੀ ਬੀਤੇ ਸਮੇਂ ਦੀ ਧੂੜ ਵਿਚ ਹੀ ਗੁਆਚੇ ਰਹਿਣਾ ਸੀ।

'ਸ਼ਹੀਦ ਵਿਲਾਸ' ਤੋਂ ਪੰਜਾਬ ਵਿਚ ਰਚਿਤ ਹਿੰਦੀ ਸਾਹਿਤ ਦੀ ਖੋਜ ਦਾ ਇਕ ਨਵੀਨ ਮਾਰਗ ਖੁਲ੍ਹਦਾ ਹੈ। 'ਭੱਟਾਕਸ਼ਰੀ' ਮੁਨੀਮੀ ਜਾਂ ਲੰਡਿਆਂ ਵਰਗੀ ਲਿਪੀ ਹੈ, ਜਿਸਦਾ ਪ੍ਰਯੋਗ ਭੱਟਾਂ ਦੇ ਘਰਾਂ ਤੱਕ ਹੀ ਸੀਮਿਤ ਰਿਹਾ ਹੈ। ਪੰਜਾਬ ਦੇ ਅਨੇਕਾਂ ਸ਼ਹਿਰਾਂ ਵਿਚ ਭਾਟ ਰਹਿੰਦੇ ਰਹੇ ਹਨ ਅਤੇ ਇਹ ਸੰਭਾਵਨਾ ਨਿਰਾਧਾਰ ਨਹੀਂ ਹੋਵੇਗੀ ਕਿ ਭਾਟਾਂ ਦੀ ਸਾਹਿਤ ਸਾਧਨਾ, ਭੱਟਾਕਸ਼ਰੀ ਲਿਪੀ ਵਿਚ ਹੋਣ ਕਾਰਨ, ਹਿੰਦੀ ਅਤੇ ਪੰਜਾਬੀ ਦੋਵਾਂ ਦੇ ਖੋਜਕਾਰਾਂ ਤੋਂ ਅੱਖੋਂ ਪਰੋਖੇ ਰਹਿ ਗਈ ਹੈ।

ਮੁੱਖ ਰੂਪ ਵਿਚ ਦੋਹਰਾ-ਚੌਪਈ ਸ਼ੈਲੀ ਵਿਚ ਰਚੀ ਗਈ ਇਸ ਰਚਨਾ ਵਿਚ ਸੇਵਾ ਸਿੰਘ ਨੇ ਪ੍ਰਸਿੱਧ ਸਿੱਖ ਯੋਧਾ ਭਾਈ ਮਨੀ ਸਿੰਘ ਦੀ ਜੀਵਨੀ ਨੂੰ ਛੰਦਾਬੱਧ ਕੀਤਾ ਹੈ। ਸੇਵਾ ਸਿੰਘ ਦੀ ਇਸ ਰਚਨਾ ਦਾ ਮਹੱਤਵ ਸਾਹਿਤਿਕ ਹੀ ਨਹੀਂ ਇਤਿਹਾਸਕ ਵੀ ਹੈ। ਇਸ ਗ੍ਰੰਥ ਵਿਚ ਦਿੱਤਾ ਘਟਨਾਵਾਂ ਦਾ ਵੇਰਵਾ ਇਤਿਹਾਸਕ ਦ੍ਰਿਸ਼ਟੀ ਤੋਂ ਪ੍ਰਮਾਣੀਕ ਹੈ ਕਿਉਂਕਿ ਕਵੀ ਦਾ ਪਰਿਵਾਰ ਸ਼ਹੀਦ ਦੇ ਪਰਿਵਾਰ ਦਾ ਭੱਟ-ਪਰੋਹਤ ਸੀ ਅਤੇ ਭੱਟਾਂ ਦੀਆਂ ਬਹੀਆਂ ਵਿਚ ਜਜਮਾਨਾਂ ਬਾਰੇ ਜੋ ਘਟਨਾਵਾਂ ਦਰਜ ਹੁੰਦੀਆਂ ਸਨ ਉਹਨਾਂ ਦੀ ਪ੍ਰਮਾਣੀਕਤਾ ਤੇ ਕਿੰਤੂ ਦੀ ਗੁੰਜਾਇਸ਼ ਨਹੀਂ। ਸੇਵਾ ਸਿੰਘ ਨੇ ਆਪਣੇ ਪਿਉ-ਦਾਦਿਆਂ ਦੀਆਂ ਬਹੀਆਂ ਅਤੇ ਹੋਰਨਾਂ ਕਾਗਜ਼-ਪੱਤਰਾਂ ਦੀ ਖੋਜ-ਪਰਖ ਮਗਰੋਂ ਪਰਿਵਾਰ ਵਿਚ ਤੁਰੀਆਂ ਆ ਰਹੀਆਂ ਜ਼ਬਾਨੀ ਦਾਸਤਾਨਾਂ ਨਾਲ ਉਹਨਾਂ ਘਟਨਾਵਾਂ ਦਾ ਸੰਬੰਧ ਬਿਠਾ ਕੇ ਭਾਈ ਮਨੀ ਸਿੰਘ ਦੀ ਜੀਵਨੀ ਦਾ ਪ੍ਰਮਾਣੀਕ ਰੂਪ ਪੇਸ਼ ਕਰਨ ਦਾ ਸੁਚੇਤ ਉਪਰਾਲਾ ਕੀਤਾ। ਇਸ ਸੁਚੇਤ ਉਪਰਾਲੇ ਦਾ ਸਿੱਟਾ ਇਹ ਹੋਇਆ ਕਿ ਗ੍ਰੰਥ ਵਿਚਲੇ ਇਤਿਹਾਸਕ ਤੱਥਾਂ ਦਾ ਵੇਰਵਾ ਸਹਿਜ ਬਣ ਗਿਆ ਅਤੇ ਵਿਸ਼ਾ-ਵਸਤੂ ਸੁਗਠਿਤ ਹੋ ਗਿਆ।

**ਭਾਈ ਕਾਨ੍ਹ ਸਿੰਘ :**

ਨਾਭੇ ਦੇ ਨੇੜੇ 'ਛੋਟੇ ਬਨੇਰੇ' ਨਾਮੀ ਪਿੰਡ ਵਿਖੇ, ਸੰਨ ੧੯੬੧ ਵਿਚ ਜੰਮੇ ਭਾਈ ਕਾਨ੍ਹ ਸਿੰਘ ਦੀਆਂ ਜਿਹਨਾਂ ਰਚਨਾਵਾਂ ਤੇ ਪੰਜਾਬੀ ਸਾਹਿਤ ਗੌਰਵ ਅਨੁਭਵ ਕਰ ਰਿਹਾ ਹੈ,ਉਹਨਾਂ ਵਿਚ ਕਈ ਰਚਨਾਵਾਂ ਅਜਿਹੀਆਂ ਹਨ ਜਿਹਨਾਂ ਦੀ ਮੂਲ ਰਚਨਾ ਹਿੰਦੀ ਵਿਚ ਕੀਤੀ ਗਈ ਸੀ ਤੇ ਮਗਰੋਂ ਆਪ ਹੀ ਭਾਈ ਸਾਹਿਬ ਨੇ ਉਹਨਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਸੀ। ਕਵੀ, ਇਤਿਹਾਸਕਾਰ, ਖੋਜੀ, ਕਾਵਿ ਨਿਪੁੰਨ, ਵਾਰਤਕਕਾਰ ਭਾਈ ਕਾਨ੍ਹ ਸਿੰਘ ਰਚਿਤ ਸਾਹਿਤ ਤੇ ਹਿੰਦੀ ਸਾਹਿਤ ਨੂੰ ਉਸੇ ਤਰ੍ਹਾਂ ਮਾਣ ਕਰਨਾ ਚਾਹੀਦਾ ਹੈ, ਜਿਸ ਤਰ੍ਹਾਂ ਪੰਜਾਬੀ ਸਾਹਿਤ ਮਾਣ ਕਰਦਾ ਹੈ।

ਭਾਈ ਕਾਨ੍ਹ ਸਿੰਘ ਨੇ ਲਗਭਗ ਚੌਵੀ ਗ੍ਰੰਥਾਂ ਦੀ ਰਚਨਾ ਕੀਤੀ ਹੈ। ਇਹਨਾਂ ਵਿਚ ਉਹਨਾਂ ਦੀ ਰਾਜਨੀਤੀ ਸਬੰਧੀ ਰਚਨਾ 'ਰਾਜ ਧਰਮ' ਸਿੱਖ ਮਤ ਦੇ ਪ੍ਰਚਾਰ ਲਈ ਲਿਖੀਆਂ ਪੁਸਤਕਾਂ 'ਹਮ ਹਿੰਦੂ ਨਹੀਂ'. 'ਗੁਰਮਤਿ ਪ੍ਰਭਾਕਰ', 'ਗੁਰਮਤਿ ਸੁਧਾਕਰ', 'ਗੁਰੂ ਗਿਰਾ ਕਸੌਟੀ', 'ਗੁਰੂ ਸ਼ਬਦ ਰਤਨਾਕਰ', ਛੰਦਾਂ-ਅਲੰਕਾਰਾਂ ਤੇ ਆਧਾਰਿਤ ਰਚਨਾਵਾਂ 'ਗੁਰੂ ਛੰਦ ਦਿਵਾਕਰ', 'ਗੁਰੂ ਸ਼ਬਦਾਲੰਕਾਰ', 'ਗੁਰੂਦੀਪ ਪਿੰਗਲ' ਅਤੇ ਯਾਤਰਾ ਸਾਹਿਤ ਸਬੰਧੀ ਪੁਸਤਕਾਂ 'ਪਹਾੜ



Sri Satguru Jagjit Singh Ji eLibrary NamdhariElibrary@gmail.com

ਯਾਤਰਾ' ਤੇ 'ਵਿਲਾਯਤ ਯਾਤਰਾ' ਸ਼ਾਮਲ ਹਨ। ਇਹਨਾਂ ਰਚਨਾਵਾਂ ਵਿਚ ਭਾਈ ਕਾਨ੍ਹ ਸਿੰਘ ਦੇ ਵਿਅਕਤਿਤੱਵ ਦੇ ਬਹੁਪੱਖੀ ਹੋਣ ਦਾ ਪਤਾ ਲਗਦਾ ਹੈ ਤੇ ਉਹਨਾਂ ਦੇ ਕਵੀ, ਵਾਰਤਾਕਾਰ, ਟੀਕਾਕਾਰ, ਕੋਸ਼ਕਾਰ, ਰਾਜਨੀਤੀ-ਸ਼ਾਸਤਰੀ, ਸਮਾਜ ਸੁਧਾਰਕ, ਸਿੱਖ ਮੱਤ ਦੇ ਪ੍ਰਚਾਰਕ ਆਦਿ ਰੂਪਾਂ ਦੇ ਦਰਸ਼ਨ ਹੁੰਦੇ ਹਨ।

ਕਵੀ ਦੇ ਤੌਰ ਤੇ ਭਾਈ ਕਾਨ੍ਹ ਸਿੰਘ ਹਿੰਦੀ ਦੇ ਪਰੰਪਰਾਵਾਦੀ ਕਵੀ ਹਨ। ਉਹਨਾਂ ਦੀ ਕਵਿਤਾ ਵਿਚ ਭਗਤੀ-ਭਾਵਨਾ ਨੂੰ ਵੀ ਬੱਲ ਮਿਲੇ ਹਨ ਅਤੇ ਕਾਵਿ-ਸ਼ਾਸਤਰ ਸਬੰਧੀ ਕਵੀ ਦੇ ਗਿਆਨ ਨੂੰ ਵੀ ਪ੍ਰਗਟਾ ਮਿਲਿਆ ਹੈ।

**ਸੰਤ ਸਪੂਰਨ ਸਿੰਘ :**

ਸੰਨ ੧੮੭੭ ਵਿਚ, ਤਰਨਤਾਰਨ ਵਿਖੇ ਜਨਮੇ, ਸੰਤ ਸੰਪੂਰਨ ਸਿੰਘ ਆਮ ਸਾਧਾਂ-ਸੰਤਾਂ ਤੋਂ ਭਿੰਨ ਪੜ੍ਹੇ-ਲਿਖੇ ਅਤੇ ਤਰਕਸ਼ੀਲ ਬੁੱਧੀ ਵਾਲੇ ਸੰਤ ਹੋਏ ਹਨ। ਪੰਜਾਬੀ ਵਿਚ ਸੁਤੰਤਰ ਕਵਿਤਾ ਅਤੇ ਵਾਰਤਕ ਲਿਖਣ ਦੇ ਨਾਲ-ਨਾਲ ਉਹਨਾਂ ਹਿੰਦੀ ਵਿਚ ਵੀ ਕਾਵਿ-ਰਚਨਾ ਕੀਤੀ ਹੈ। ਹਿੰਦੀ ਵਿਚ ਉਹਨਾਂ ਦੀਆਂ ਦੋ ਰਚਨਾਵਾਂ ਮਹੱਤਵਪੂਰਨ ਹਨ—ਆਤਮ ਨਿਰੂਪਣ ਅਤੇ ਆਨੰਦ ਭਾਸਕਰ। ਇਹਨਾਂ ਦੋਵਾਂ ਕਾਵਿ-ਗ੍ਰੰਥਾਂ ਵਿਚ ਕਵੀ ਨੇ ਵੇਦਾਂਤ ਦਾ ਦਰਸ਼ਨ ਸਰਲ ਢੰਗ ਨਾਲ ਬਿਆਨ ਕਰਕੇ, ਪਾਠਕਾਂ ਨੂੰ ਮਤਾਂ-ਮਤਾਂਤਰਾਂ ਦੇ ਭਰਮ-ਜਾਲ ਤੋਂ ਬਚਾਉਣ ਦਾ ਉਪਰਾਲਾ ਕੀਤਾ ਹੈ।

ਸੰਤ ਸੰਪੂਰਨ ਸਿੰਘ ਨੇ 'ਇਸਤ੍ਰੀ ਸਤਿਸੰਗ' ਦੀ ਸਥਾਪਨਾ ਕਰਕੇ, ਭਾਰਤੀ ਇਸਤ੍ਰੀਆਂ ਦੀ ਨੈਤਿਕ ਉੱਨਤੀ ਲਈ ਜੋ ਉੱਦਮ ਕੀਤਾ ਅਤੇ ਤ੍ਰੀਮਤਾਂ ਨੂੰ ਅਧਿਆਤਮ ਸ਼ਕਤੀ ਪ੍ਰਦਾਨ ਕਰਨ ਦਾ ਜੋ ਕਾਰਜ ਆਰੰਭਿਆ, ਉਹ ਅੱਜ ਵੀ ਉਹਨਾਂ ਦੀ ਯਾਦਗਾਰ ਦੇ ਤੌਰ 'ਤੇ ਕਾਇਮ ਹੈ। ਇਕ ਕਵੀ ਦੇ ਤੌਰ 'ਤੇ ਸੰਤ ਸੰਪੂਰਨ ਸਿੰਘ ਦਾ ਵਿਸ਼ਵਾਸ਼ ਮੁਕਤ-ਵਿਹਾਰ ਤੇ ਸੀ ਤੇ ਉਹਨਾਂ ਦੀ ਕਵਿਤਾ ਵਿਚ ਸੰਸਾਰਿਕ ਰਿਸ਼ਤੇ ਕੱਚੇ ਤੇ ਝੂਠੇ ਹੋ ਕੇ ਪ੍ਰਗਟ ਹੋਏ ਹਨ ਕਿਉਂਕਿ ਕਵੀ ਸਮੂਹ ਆਤਮਾਵਾਂ ਨੂੰ ਇਕੋ ਬ੍ਰਹਮ ਦਾ ਪਸਾਰ ਸਿੱਧ ਕਰਨਾ ਲੋਚਦਾ ਹੈ।

ਉਕਤ ਪਰਿਚੇ-ਆਤਮਿਕ ਵਿਵੇਚਨ ਤੋਂ ਇਹ ਅਨੁਮਾਨ ਲਾਉਣਾ ਆਸਾਨ ਹੋ ਜਾਂਦਾ ਹੈ ਕਿ ਗੁਰਮੁਖੀ ਲਿਖੀ ਵਿਚ ਹਿੰਦੀ ਸਾਹਿਤ ਦਾ ਵਿਸ਼ਾਲ ਭੰਡਾਰ ਸਾਂਭਿਆ ਪਿਆ ਹੈ, ਜਿਸਨੂੰ ਨਾਗਰੀ ਲਿਪੀ ਵਿਚ ਉਲਥਾ ਕੇ ਹਿੰਦੀ ਦੀ ਮੁੱਖ ਧਾਰਾ ਨਾਲ ਮੇਲਣਾ ਨਾ ਕੇਵਲ ਹਿੰਦੀ ਸਾਹਿਤ ਦੀ ਅਮੀਰੀ ਵਿਚ ਵਾਧਾ ਕਰਨ ਲਈ ਹੀ ਜ਼ਰੂਰੀ ਹੈ ਸਗੋਂ ਇਹ ਇਸ ਲਈ ਵੀ ਜ਼ਰੂਰੀ ਹੈ ਕਿ ਇਸ ਤੋਂ ਬਿਨਾਂ ਇਹਨਾਂ ਸਾਹਿਤਕਾਰਾਂ ਦੀ ਸਾਹਿਤ ਸਾਧਨਾ ਨਾਲ ਨਿਆਂ ਨਹੀਂ ਕੀਤਾ ਜਾ ਸਕਦਾ। ਭਾਸ਼ਾਵਾਂ ਅਤੇ ਲਿਪੀਆਂ ਦਾ ਬਹੁਗਿਣਤੀ ਵਾਲਾ ਭਾਰਤ ਦੇਸ਼ ਮਨੁੱਖੀ ਭਾਵਾਂ ਦੇ ਪ੍ਰਗਟਾ ਦੇ ਸਾਧਨਾਂ ਨੂੰ ਤੇ ਆਪਣੇ ਵਿਰਸੇ ਨੂੰ ਸਭ ਦਾ ਸਾਂਝਾ ਵਿਰਸਾ ਬਣਾ ਸਕੇ, ਇਸ ਉਦੇਸ਼ ਦੀ ਪੂਰਤੀ ਲਈ ਵੀ ਅਜਿਹਾ ਕਰਨ ਦੀ ਲੋੜ ਹੈ।

## ਡਾ. ਸਈਅਦ ਅਖ਼ਤਰ ਹੁਸੈਨ ਅਖ਼ਤਰ ਨੂੰ 'ਬੁਲ੍ਹੇਸ਼ਾਹ ਸਾਹਿਤਕ ਐਵਾਰਡ'



ਲਾਹੌਰ—ਜਾਣੇ ਪਛਾਣੇ ਕਵੀ, ਲਿਖਾਰੀ, ਤਾਲੀਮ ਦੇ ਮਾਹਿਰ, ਯੂਨੀਵਰਸਲ ਥਿੰਕ ਟੈਂਕ ਵਾਸ਼ਿੰਗਟਨ (ਅਮ੍ਰੀਕਾ) ਦੇ ਡਾਇਰੈਕਟਰ, ਇੰਟਰਨੈਸ਼ਨਲ ਰਾਈਟਰਜ਼ ਐਸੋਸੀਏਸ਼ਨ (ਕੈਨੇਡਾ) ਦੇ ਸੀਨੀਅਰ ਨਾਇਬ ਸਦਰ ਅਤੇ ਮਹੀਨਾਵਾਰ "ਲਹਿਰਾਂ" ਲਾਹੌਰ ਦੇ ਚੀਫ਼ ਐਡੀਟਰ ਡਾਕਟਰ ਸਈਅਦ ਅਖ਼ਤਰ ਹੁਸੈਨ ਅਖ਼ਤਰ ਦੀਆਂ ਸੇਵਾਵਾਂ ਨੂੰ ਮੁਖ ਰੱਖਦਿਆਂ ਹੋਇਆਂ ੨੭-੮-੯੮ ਨੂੰ ਕਸੂਰ ਵਿਖੇ ਮਜਲਿਸ ਬੁਲ੍ਹੇਸ਼ਾਹ ਵਲੋਂ ਮਨਾਈ ਗਈ ਬੁਲ੍ਹੇਸ਼ਾਹ ਕਾਨਫਰੰਸ ਵਿਚ ੧੯੯੭ ਦਾ "ਬੁਲ੍ਹੇਸ਼ਾਹ ਸਾਹਿਤਕ ਐਵਾਰਡ" ਦਿਤਾ ਗਿਆ।



Sri Satguru Jagjit Singh Ji eLibrary NamdhariElibrary@gmail.com

# ਮੇਰਾ ਪਹਿਲਾ ਲੇਖ*

**—ਸੰਤੋਖ ਸਿੰਘ ਧੀਰ**

ਆਪਣੇ ਪਹਿਲੇ ਲੇਖ ਬਾਰੇ ਵੀ ਮੈਨੂੰ ਕੁਝ ਦੱਸਣਾ ਚਾਹੀਦਾ ਹੈ, ਆਪਣੀ ਪਹਿਲੀ ਵਾਰਤਕ ਬਾਰੇ ।

ਮੇਰਾ ਸਭ ਤੋਂ ਪਹਿਲਾ ਲੇਖ "ਭੈਣੀ ਸਾਹਿਬ ਦੀਆਂ ਕੰਧਾਂ" ਹੈ । ਲਗ-ਭਗ ਅੱਧੀ ਸਦੀ ਪਹਿਲਾਂ, ਸੰਨ ੧੯੪੦ ਵਿਚ, ਮੈਂ ਇਹ ਲੇਖ ਲਿਖਿਆ ਸੀ । ਫੱਗਣ ਦਾ ਮਹੀਨਾ ਸੀ । ਹੋਲਾ ਦੇ ਸਮਾਗਮ ਲਈ, ਮੈਂ ਆਪਣੇ ਪਿਤਾ ਜੀ ਨਾਲ ਭੈਣੀ ਸਾਹਿਬ ਗਿਆ ਸਾਂ । ਕੁਝ ਕੁ ਬੰਦੇ ਹੋਰ ਵੀ ਸਨ । ਦੋ ਕਿ ਤਿੰਨ ਰਾਤਾਂ ਅਸੀਂ ਭੈਣੀ ਸਾਹਿਬ ਰਹੇ ਸਾਂ । ਸੰਤ ਨੰਤਾ ਸਿੰਘ ਜੀ ਘਰ । ਵਾਪਸ ਪਿੰਡ ਆ ਕੇ ਮੈਂ ਦੂਜੇ ਦਿਨ ਇਸ ਲੇਖ ਲਈ ਕਲਮ ਚੁੱਕੀ ।

ਭੈਣੀ ਸਾਹਿਬ ਬਾਰੇ ਤੇ ਨਾਮਧਾਰੀ ਲਹਿਰ ਬਾਰੇ ਮੈਨੂੰ ਮੇਰੇ ਪਿਤਾ ਜੀ ਨੇ ਬਹੁਤ ਕੁਝ ਦੱਸਿਆਂ ਹੋਇਆ ਸੀ । ਬਾਬਾ ਬਾਲਕ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਤੇ ਵਰਤਮਾਨ ਸਤਿਗੁਰੂ ਬਾਬਾ ਪ੍ਰਤਾਪ ਸਿੰਘ ਜੀ । ਨਾਮਧਾਰੀ ਲਹਿਰ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਸੀ । ਸਵਦੇਸ਼ੀ ਦਾ ਪ੍ਰਚਾਰ ਇਸੇ ਲਹਿਰ ਨੇ ਸ਼ੁਰੂ ਕੀਤਾ ਸੀ । ਬਦੇਸ਼ੀ ਮਾਲ ਦਾ ਬਾਈਕਾਟ । ਰੇਲ ਨਹੀਂ ਚੜ੍ਹਨਾ, ਕਚਹਿਰੀ ਨਹੀਂ ਜਾਣਾ, ਇਸੇ ਤਰ੍ਹਾਂ ਸਕੂਲਾਂ, ਡਾਕਖਾਨਿਆਂ ਦਾ ਬਾਈਕਾਟ । ਗਊ ਕੁਸ਼ੀ ਦੇ ਵਿਰੁੱਧ ਵੀ ਆਵਾਜ਼ ਉੱਚੀ ਕੀਤੀ ਗਈ । ਬੁੱਚੜਾਂ ਦੇ ਕਬਜ਼ੇ ਵਿਚੋਂ ਗਊਆਂ ਨੂੰ ਛੁਡਾਇਆ ਗਿਆ । ਇਹ ਵਿਦਰੋਹੀ ਲਹਿਰ ਸੀ । ਅੰਗਰੇਜ਼ ਨੂੰ ਇਹ ਭਾਰਤ ਵਿਚੋਂ ਬਾਹਰ ਕਰ ਦੇਣਾ ਚਾਹੁੰਦੀ ਸੀ ।

ਨਾਮਧਾਰੀ ਸਿੰਘਾਂ ਉਤੇ ਬਹੁਤ ਹੀ ਤਸ਼ੱਦਦ ਹੋਇਆ । ਨਾਮਧਾਰੀ ਤੋਪਾਂ ਅੱਗੇ ਬੰਨ੍ਹਕੇ ਉਡਾਏ ਗਏ** ਪਰ ਨਾਮਧਾਰੀ ਡੋਲੇ ਨਹੀਂ । ਹੱਸ-ਹੱਸਕੇ ਤੋਪਾਂ ਅੱਗੇ ਚੀਣਾ-ਚੀਣਾ ਹੁੰਦੇ ਰਹੇ । ਕਹਿੰਦੇ ਹਨ ਕਿ ਇਕ ਲੜਕਾ ਕਾਫ਼ੀ ਛੋਟੀ ਉਮਰ ਦਾ ਸੀ । ਤੋਪ ਅੱਗੇ ਖੜਾ ਉਹ ਮੇਚ ਨਹੀਂ ਸੀ ਆ ਰਿਹਾ । ਉਸਨੂੰ ਛੱਡਣ ਲੱਗੇ ਸਨ । ਪਰ ਉਸਨੇ ਆਪਣੇ ਪੈਰਾਂ ਹੇਠਾਂ ਇੱਟਾਂ ਰੱਖ ਲਈਆਂ ਸਨ ਤੇ ਕਿਹਾ ਸੀ ਕਿ ਹੁਣ ਮਾਰੋ । ਅੰਗਰੇਜ਼ੀ ਸਾਮਰਾਜ ਉਤੇ ਕਿੰਨਾ ਵੱਡਾ ਵਾਰ ਸੀ ਇਹ । ਇਸ ਨਾਲ ਅੰਗਰੇਜ਼ ਦੇ ਤਖ਼ਤ ਦੇ ਪਾਵੇ ਹਿੱਲ ਖਲੋਏ ਸਨ ।

ਇਕ ਹੋਰ ਨਾਮਧਾਰੀ ਬੱਚੇ ਦੀ ਕਹਾਣੀ ਹੈ । ਜਿਸ ਸਮੇਂ ਨਾਮਧਾਰੀ ਤੋਪਾਂ ਅੱਗੇ ਉੱਡ ਰਹੇ ਸਨ, ਇਕ ਅੰਗਰੇਜ਼ ਪਾਦਰੀ ਵੀ ਕੋਲ ਖਲੋਤਾ ਹੋਇਆ ਸੀ । ਆਪਣੇ ਦੋਹਾਂ ਹੱਥਾਂ ਨਾਲ ਬੱਚੇ ਨੇ ਉਸ ਪਾਦਰੀ ਦੀ ਲੰਮੀ ਦਾੜ੍ਹੀ ਫੜ ਲਈ ਤੇ ਉਦੋਂ ਤਕ ਨਾ ਛੱਡੀ, ਜਦੋਂ ਤਕ, ਤਲਵਾਰ ਨਾਲ, ਉਸਦੇ ਦੋਵੇਂ ਨਿੱਕੇ-ਨਿਕੇ ਹੱਥ ਕੱਟ ਨਾ ਦਿੱਤੇ ਗਏ । ਮੇਰੇ ਪਿਤਾ ਮੈਨੂੰ ਇਹ ਗੱਲਾਂ ਆਮ ਹੀ ਦੱਸਦੇ ਰਹਿੰਦੇ ਸਨ ।

ਸਤਿਗੁਰੂ ਰਾਮ ਸਿੰਘ ਜੀ ਸਾਦਾ ਬਸਤਰ ਪਹਿਨਦੇ ਤੇ ਉੱਨ ਦੀ ਮਾਲਾ ਫੇਰਦੇ । ਅੰਗਰੇਜ਼ ਉਹਨਾਂ ਦੀ ਉੱਨ ਦੀ ਮਾਲਾ ਦੇ ਨਿੱਕੇ-ਨਿੱਕੇ ਮਣਕਿਆਂ ਤੋਂ ਭੈਭੀਤ ਹੋ ਗਿਆ ਸੀ । ਉਸ ਲਈ ਇਹ ਚਿੱਟੀ ਉੱਨ ਦੇ ਨਿੱਕੇ-ਨਿੱਕੇ ਗੋਲ ਮਣਕੇ ਅੱਗ ਦੀਆਂ ਡਲੀਆਂ ਸਨ । ਇਹ ਉਸ ਵਿਰੁੱਧ ਵਿਦਰੋਹ ਦੀ ਅੱਗ ਦੀਆਂ ਲਾਟਾਂ ਛੱਡ ਰਹੇ ਸਨ । ਡਰੇ ਹੋਏ ਅੰਗਰੇਜ਼ ਵੱਲੋਂ ਸਤਿਗੁਰੂ ਰਾਮ ਸਿੰਘ ਨੂੰ ਜਲਾਵਤਨ ਕਰ ਦਿੱਤਾ ਗਿਆ । ਉਹ ਰੰਗੂਨ ਭੇਜੇ ਗਏ । ਉਹਨਾਂ ਦੇ ਪਿੰਡ ਭੈਣੀ ਵਿਚ ਪੁਲਿਸ ਚੌਕੀ ਬੈਠ ਗਈ । ਪੰਜਾਹ ਵਰ੍ਹੇ ਇਹ ਪੁਲਿਸ ਚੌਕੀ ਭੈਣੀ ਸਾਹਿਬ ਵਿਚ ਬੈਠੀ ਰਹੀ । ਸੰਨ ੧੯੨੩ ਵਿਚ ਇਹ ਪੁਲਿਸ ਚੌਕੀ ਉੱਠੀ ਸੀ ।

ਸਤਿਗੁਰੂ ਰਾਮ ਸਿੰਘ ਜੀ ਲੰਮੇ ਅਤੇ ਪਤਲੇ ਸਨ । ਖੱਦਰ ਦੇ ਸਫੇਦ ਬਸਤਰ । ਚਿੱਟੇ ਰੰਗ ਦੀ ਘੋੜੀ ਸੀ ਜਿਸਦਾ ਨਾਂ "ਚੀਨੀ" ਸੀ । "ਚੀਨੀ ਵਾਲਾ" ਆਖ ਕੇ ਵੀ ਨਾਮਧਾਰੀ ਸਿੱਖ ਉਹਨਾਂ ਨੂੰ ਯਾਦ ਕਰਦੇ ਰਹਿੰਦੇ ਹਨ ।

ਜਦੋਂ ਮੈਂ ਭੈਣੀ ਸਾਹਿਬ ਗਿਆ, ਇਹ ਸਾਰਾ ਕੁਝ ਮੈਂ ਸੁਣਿਆ ਅਤੇ ਗ੍ਰਹਿਣ ਕਰ ਲਿਆ ਹੋਇਆ ਸੀ । ਉਚੇਚ ਨਾਲ ਨਹੀਂ, ਸੁਤੇ ਸਿਧ ਹੀ, ਸਹਿਜ ਭਾਵ ਉਸ ਸਮੇਂ ਮੈਨੂੰ ਇਹ ਖਿਆਲ ਤਕ ਵੀ ਨਹੀਂ ਸੀ ਕਿ ਇਸ ਬਾਰੇ ਮੈਂ ਲਿਖਾਂਗਾ । ਮੈਂ ਤਾਂ ਇਕ ਯਾਤਰੂ ਵਜੋਂ, ਸ਼ਰਧਾ ਨਾਲ, ਭੈਣੀ ਸਾਹਿਬ ਦੀ ਨਗਰੀ ਵਿਚ ਫਿਰ ਰਿਹਾ ਸਾਂ । ਪਿੰਡ ਦੀਆਂ ਗਲੀਆਂ ਕੱਚੀਆਂ ਸਨ । ਕੰਧਾਂ ਵੀ ਬਹੁਤੀਆਂ ਕੱਚੀਆਂ

---

* ਲੇਖਕ ਸੰਤੋਖ ਸਿੰਘ ਧੀਰ ਜੀ ਦਾ ਇਹ ਲੇਖ ਉਹਨਾਂ ਦੀ ਸਵੈ-ਜੀਵਨੀ "ਬ੍ਰਿਹਸਪਤੀ" 'ਚੋਂ ਧੰਨਵਾਦ ਸਹਿਤ ਲਿਆ ਗਿਆ ਹੈ । ਇਹ ਪੁਸਤਕ ਸੰਨ ੧੯੯੭ ਵਿਚ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋਂ ਛਾਪੀ ਗਈ ।

** ਹੁਣ ਇਹ ਸਿੱਧ ਹੋ ਚੁਕਾ ਹੈ ਕਿ ਨਾਮਧਾਰੀ ਸ਼ਹੀਦਾਂ ਨੇ ਤੋਪਾਂ ਨਾਲ ਬੱਝਣਾ ਮਨਜ਼ੂਰ ਨਹੀਂ ਸੀ ਕੀਤਾ । ਇਸ ਦਾ ਸਬੂਤ ਇਸੇ ਲੇਖ ਵਿਚੋਂ ਹੀ ਇਕ ਛੋਟੀ ਉਮਰ ਦੇ ਲੜਕੇ ਵਲੋਂ ਪੈਰਾਂ ਹੇਠ ਆਪ ਇੱਟਾਂ ਰੱਖ ਕੇ ਸ਼ਹੀਦ ਹੋਣ ਅਤੇ ਇਕ ਹੋਰ ਨਾਮਧਾਰੀ ਬੱਚੇ ਕਾਕਾ ਬਿਸ਼ਨ ਸਿੰਘ ਵਲੋਂ ਡੀ. ਸੀ. ਕਾਵਨ (ਪਾਦਰੀ ਨਹੀਂ) ਦੀ ਦਾੜ੍ਹੀ ਪੁਟਣ ਤੋਂ ਮਿਲ ਜਾਂਦਾ ਹੈ । —ਸੰਪਾਦਕ



Sri Satguru Jagjit Singh Ji eLibrary NamdhariElibrary@gmail.com

ਸਨ। ਕਿਸੇ ਪੱਕੀ ਕੰਧ ਵੱਲ ਨੂੰ ਮੇਰੀ ਨਜ਼ਰ ਨਹੀਂ ਗਈ। ਜੇ ਕੋਈ ਡਿੱਠੀ ਹੋਵੇਗੀ ਵੀ, ਤਾਂ ਉਹ ਮੇਰੇ ਅਨੁਭਵ ਵਿਚ ਸਥਾਨ ਨਹੀਂ ਲੈ ਸਕੀ ਸੀ; ਭੈਣੀ ਸਾਹਿਬ ਦੀਆਂ ਕੱਚੀਆਂ ਕੰਧਾਂ ਹੀ ਮੇਰੇ ਮਨ ਵਿਚ ਆਪਣੀ ਪੱਕੀ ਥਾਂ ਪ੍ਰਾਪਤ ਕਰ ਸਕੀਆਂ ਸਨ। ਇਸਦੇ ਪਿੱਛੇ ਕਾਰਨ ਸੀ। ਨਾਮਧਾਰੀ ਸਤਿਗੁਰਾਂ ਦੇ ਰਹਿਣ ਵਾਲੀਆਂ ਥਾਵਾਂ ਬਿਲਕੁਲ ਕੱਚੀਆਂ ਬਣੀਆਂ ਹੋਈਆਂ ਸਨ। ਪੱਕੀ ਇੱਟ ਉਹ ਆਪਣੇ ਮਹਿਲ ਨੂੰ ਲਾਉਣੀ ਨਹੀਂ ਚਾਹੁੰਦੇ ਸਨ। ਕਾਰਨ ਜੀਵਨ ਦੀ ਸਾਦਗੀ ਸੀ। ਲੋੜਾਂ ਸੀਮਤ ਰੱਖਣੀਆਂ। ਜਿਵੇਂ ਖੱਦਰ ਹੀ ਪਾਉਣਾ ਹੈ। ਇਹ ਆਪਣੇ ਭਾਰਤ ਦੇ ਅੰਤਰਕਰਣ ਦੇ ਬਿਲਕੁਲ ਨੇੜੇ ਵੀ ਰਹਿਣਾ ਸੀ। ਭਾਰਤ ਦੀ ਗ਼ਰੀਬ ਜਨਤਾ ਕਿਸ ਪ੍ਰਕਾਰ ਰਹਿੰਦੀ ਹੈ? ਇਹ ਅਧਿਆਤਮਵਾਦ ਸੀ। ਲੋਕ-ਹਿੱਤੂ ਅਧਿਆਤਮਵਾਦ। ਇਸ ਅਧਿਆਤਮਵਾਦ ਵਿਚ ਵਿਦਰੋਹ ਵੀ ਰਲਿਆ ਹੋਇਆ ਸੀ ਤੇ ਇਕ ਅਨੂਠਾ ਰੋਸ ਵੀ। ਮੇਰੇ ਉਤੇ ਭੈਣੀ ਸਾਹਿਬ ਦੀਆਂ ਇਹਨਾਂ ਪਵਿੱਤਰ ਕੱਚੀਆਂ ਕੰਧਾਂ ਦਾ ਬੜਾ ਹੀ ਡੂੰਘਾ ਅਸਰ ਪਿਆ। ਇਹ ਕੱਚੀਆਂ ਨਹੀਂ ਸਨ, ਪੱਕੀਆਂ ਸਨ। ਕਿਉਂਕਿ ਇਹ ਫ਼ੌਲਾਦ ਜਿਹੇ ਆਚਰਣ ਉਤੇ ਖਲੋਤੀਆਂ ਸਨ।

ਵਾਪਸ ਪਿੰਡ ਆਇਆ ਤਾਂ ਭੈਣੀ ਸਾਹਿਬ ਦੀਆਂ ਕੰਧਾਂ ਦੀ ਖ਼ੁਸ਼ਬੋਈ ਮੇਰੇ ਨਾਲ ਆਈ। ਕਾਗ਼ਜ਼ ਲਿਆ, ਕਲਮ ਚੁੱਕੀ, ਲੇਖ ਲਿਖਣ ਲੱਗ ਪਿਆ। ਮੈਨੂੰ ਨਹੀਂ ਸੀ ਪਤਾ ਕਿ ਲੇਖ ਵਾਰਤਕ ਹੁੰਦੀ ਹੈ ਤੇ ਸਾਹਿਤ ਵਿਚ ਵਾਰਤਕ ਦਾ ਕਿਹੋ ਜਿਹਾ ਸਥਾਨ ਹੈ। ਮੈਂ ਤਾਂ ਸੁਤੇ-ਸਿਧ ਜਿਹੇ ਹੀ ਲੇਖ ਲਿਖਣ ਲੱਗ ਪਿਆ ਸਾਂ। ਭੁੰਜੇ ਬੈਠ ਕੇ ਲਿਖਿਆ ਸੀ, ਕੋਡਾ ਹੋਕੇ, ਦਰੀ ਉੱਤੇ। ਹੇਠਾਂ ਕੋਈ ਫੱਟੀ ਜਾਂ ਗੱਤਾ ਰੱਖ ਲਿਆ ਹੋਵੇਗਾ। ਹੇਠਾਂ ਵੱਲ ਝੁਕਿਆ ਮੈਂ ਡੁੱਬਿਆ ਬੈਠਾ ਰਿਹਾ ਸਾਂ।

ਲੇਖ ਸ਼ੁਰੂ ਕੀਤਾ ਤਾਂ ਪਹਿਲਾ ਅੱਖਰ "ਰ" ਸੀ। "ਰੈਗੂਲੇਟਰ ਘੰਟੇ ਦੀਆਂ ਸੂਈਆਂ ਜਦ ਬਾਰਾਂ ਉੱਤੇ ਪਹੁੰਚੀਆਂ..." ਪਿੰਡੋਂ ਤੁਰਨ ਵੇਲੇ ਤੋਂ ਮੈਂ ਲੇਖ ਸ਼ੁਰੂ ਕੀਤਾ ਸੀ। ਸਮਾਪਤ ਕਿੱਥੇ ਕੀਤਾ ਸੀ? ਇਹ ਹੁਣ ਮੈਨੂੰ ਯਾਦ ਨਹੀਂ। ਹਾਂ, ਉਸਦੀਆਂ ਕੁਝ ਇਕ ਗੱਲਾਂ ਹੁਣ ਤਕ ਮੈਨੂੰ ਯਾਦ ਹਨ। ਜਿਵੇਂ, ਮੈਂ "ਅਤੇ" ਦੀ ਥਾਂ "ਅਰ" ਲਿਖਿਆ ਹੋਇਆ ਸੀ (ਉਹ ਅਰ ਮੈਂ ਇਕੱਠੇ ਗਏ, ਆਦਿ) ਭੈਣੀ ਸਾਹਿਬ ਦਾ ਡਾਕਖ਼ਾਨਾ ਕਦੇ ਹੀਰਾਂ ਹੁੰਦਾ ਸੀ। ਹੁਣ ਡਾਕਖ਼ਾਨਾ ਖ਼ਾਸ ਸੀ। ਡਾਕਖ਼ਾਨੇ ਦੇ ਮੱਥੇ ਉੱਤੇ ਜੋ ਬੋਰਡ ਲੱਗਿਆ ਹੋਇਆ ਸੀ, ਉਸ ਉੱਤੇ ਅੰਗਰੇਜ਼ੀ ਵਿਚ "ਪੋਸਟ ਆਫ਼ਿਸ" ਲਿਖਿਆ ਸੀ। ਸ਼ਾਇਦ ਉਰਦੂ ਵਿਚ ਵੀ "ਡਾਕਖ਼ਾਨਾ" ਲਿਖਿਆ ਹੋਇਆ ਸੀ। ਪੰਜਾਬੀ ਵਿਚ, ਗੁਰਮੁਖੀ ਵਿਚ, ਡਾਕਘਰ ਨਹੀਂ ਲਿਖਿਆ ਸੀ। ਲੇਖ ਵਿਚ ਮੈਂ ਇਸ ਗੱਲ ਦਾ ਖ਼ਾਜ ਕਰਕੇ ਨੋਟਿਸ ਲਿਆ। "ਵਿਚਾਰੇ ਡਾਕਖ਼ਾਨੇ ਨੂੰ ਦੋ ਅੱਖਰ ਗੁਰਮੁਖੀ-ਪੰਜਾਬੀ ਦੇ ਨਸੀਬ ਨਹੀਂ ਹੋਏ।" ਇਹ ਡਾਕਖ਼ਾਨਾ ਕਿਉਂਕਿ ਭੈਣੀ ਸਾਹਿਬ ਵਿਚ ਸਥਿਤ ਸੀ—ਸਵਦੇਸ਼ੀ ਦੇ ਮੋਢੀ ਨਗਰ ਵਿਚ—ਇਸ ਲਈ ਮੈਂ ਇਸ ਗੱਲ ਦਾ ਨੋਟਿਸ ਲੈਣਾ ਚਾਹਿਆ ਸੀ ਤੇ ਮੇਰੀ ਗੱਲ ਵਿਚ ਵਜ਼ਨ ਵੀ ਸੀ। ਲੇਖ ਭੈਣੀ ਸਾਹਿਬ ਦੇ ਪਰਚੇ "ਸਤਿਜੁਗ" ਵਿਚ ਛਪਿਆ ਸੀ। ਮਗਰੋਂ ਪਤਾ ਲੱਗਾ ਕਿ ਡਾਕਖ਼ਾਨੇ ਦੇ ਬੋਰਡ ਉਤੇ, ਖ਼ੁਸ਼ੀ-ਖ਼ੁਸ਼ੀ, ਗੁਰਮੁਖੀ ਵਿਚ "ਡਾਕਘਰ" ਲਿਖਿਆ ਗਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਸੁਝਾ ਤੋਂ ਖ਼ੁਸ਼ ਹੋਏ।

ਮੈਂ ਕਵੀ ਵੀ ਹਾਂ ਤੇ ਲੇਖਕ ਵੀ। ਅਥਵਾ ਵਾਰਤਕ ਲੇਖਕ ਵੀ। ਆਪਣੀ ਪਹਿਲੀ ਕਵਿਤਾ ਵੀ ਮੈਂ ੧੯੪੦ ਵਿਚ ਲਿਖੀ ਸੀ ਜੋ ਮੇਰੀ, ਆਪਣੀ ਪਤਨੀ ਵੱਲ ਲਿਖੀ ਹੋਈ ਪਿਆਰ ਦੀ ਚਿੱਠੀ ਸੀ। ਪਰ ਮੇਰੀ ਸਭ ਤੋਂ ਪਹਿਲੀ ਵਾਰਤਕ ਭੈਣੀ ਸਾਹਿਬ ਦੀਆਂ ਕੰਧਾਂ ਬਾਰੇ ਲਿਖਿਆ ਮੇਰਾ ਇਹ ਲੇਖ ਹੀ ਸੀ। ਇਹ ਲੇਖ ਵੀ ਉਸੇ ਤਰ੍ਹਾਂ ਮੈਂ ਪਿਆਰ ਵਿਚ ਡੁੱਬ ਕੇ ਲਿਖਿਆ ਸੀ ਜਿਵੇਂ ਆਪਣੀ ਪਤਨੀ ਵੱਲ ਮੈਂ ਪਿਆਰ ਦੀ ਚਿੱਠੀ ਲਿਖੀ ਸੀ।

ਮੇਰੀ ਬੋਲੀ, ਪੰਜਾਬੀ ਵਿਚ, ਚੰਗੀ ਮੰਨੀ ਜਾਂਦੀ ਹੈ, ਗਲਪ ਦੀ ਜਾਂ ਵਾਰਤਕ ਦੀ। ਹੁਣ ਤਾਂ ਮੇਰੀ ਬੋਲੀ ਕਾਫ਼ੀ ਉਸਰ ਚੁੱਕੀ ਹੋਵੇਗੀ, ਪਰ ਮੇਰੀ ਬੋਲੀ ਦੀ ਨੀਂਹ ਦੀ ਇੱਟ ਇਹ "ਭੈਣੀ ਸਾਹਿਬ ਦੀਆਂ ਕੰਧਾਂ" ਵਾਲਾ ਮੇਰਾ ਪਹਿਲਾ ਲੇਖ ਹੈ। ਅਸਲ ਵਿਚ ਤਾਂ ਬੋਲੀ ਹੀ ਨਹੀਂ ਇਹ ਤਾਂ ਮੇਰੀ ਸ਼ੈਲੀ ਦੀ ਵੀ ਨੀਂਹ ਦੀ ਪਹਿਲੀ ਇੱਟ ਹੈ। ਇਸੇ ਲੇਖ ਦੇ ਉਤੇ ਮੇਰੀ ਸਾਰੀ ਵਾਰਤਕ ਉਸਰੀ ਹੈ। ਭਾਵੇਂ ਮੇਰੀ ਸ਼ੈਲੀ ਕਾਫ਼ੀ ਬਦਲ ਚੁੱਕੀ ਹੋਈ ਹੈ ਹੁਣ। ਵੀਹ ਵਰ੍ਹੇ ਦੀ ਉਮਰ ਸੀ ਮੇਰੀ ਜਦ ਇਹ ਲੇਖ ਲਿਖਿਆ ਸੀ। ਹੁਣ ਪੈਂਹਠ ਵਰ੍ਹੇ ਤੋਂ ਉਤੇ ਹਾਂ।

ਪੰਜ ਕੁ ਸੌ ਸ਼ਬਦਾਂ ਦਾ ਹੀ ਹੋਵੇਗਾ ਇਹ ਲੇਖ। ਪਿਛੇ ਜਿਹੇ "ਸਤਿਜੁਗ" ਤੋਂ ਮੈਂ ਇਸ ਦੀ ਨਕਲ ਮੰਗਵਾਈ ਸੀ। ਪਰ ਹੁਣ ਉਹ ਮੈਨੂੰ ਲਭੀ ਨਹੀਂ। ਕਿਸੇ ਹੋਰ ਥਾਂ ਲੋੜ ਸੀ। ਉਸ ਤੋਂ ਮਗਰੋਂ ਆਪ ਹੀ ਮੈਂ ਨਸ਼ਟ ਕਰ ਦਿਤੀ ਹੋਵੇਗੀ। ਉਂਜ ਉਹ ਲੇਖ ਪੂਰਾ ਕਿਤੇ ਛਪਣ-ਯੋਗ ਹੁਣ ਨਹੀਂ ਸੀ ਘੱਟ ਮਹੱਤਤਾ ਵਾਲਾ ਸੀ। (੮)



Sri Satguru Jagjit Singh Ji eLibrary NamdhariElibrary@gmail.com

*Manufacturers & Exporters of*

## AUTO ACCESSORIES

# G N D Auto Industries

Managing Partner's : **Pawittar Singh Namdhari**

## 77, Industrial Area-I, Chandigarh—160002

Tel. 91-172-641294, 91-172-655939 Fax 91-172-656300 E Mail Uniq @ arbornet. org.

| | |
|---|---|
| ***Office at U.S.A. :*** | ***Mubai Office :*** |
| 421N. Brookhurst Street, | 502, Kakad, Market, |
| Suite No. 209, Anaheim—CA 92801 | 306, Kalbadevi Rd., Mumbai |
| U.S.A. | Tel. 91-22-205-1833 Fax 91-22-375-2438 |

---

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# *NAMDHARI MARBLE CO.*

*Supplier of :—*

**KOTA STONE, RED AGRA, MANDANA, MARBLE, DHAULPUR & GWALIOR BUCH**

PROP. S. DAYA SINGH BHUI

## WZ-2, Mansarover Garden, Ring Road,

## NEW DELHI—110015



Sri Satguru Jagjit Singh Ji eLibrary NamdhariElibrary@gmail.com

ਕਵਿਤਾ

# ਔਰਤ

—ਜਸਵਿੰਦਰ ਕੌਰ

ਕਦੀ ਉਸਨੇ
ਮੈਨੂੰ ਸਵਾਲ ਕੀਤਾ ਸੀ—
ਔਰਤ ਕੀ ਹੈ ?

ਮੈਂ ਇਕ ਔਰਤ 'ਵਿਚਾਰੀ'
ਮਰਦ ਦੀਆਂ ਨਜ਼ਰਾਂ 'ਚ
ਭੋਗ ਵਿਲਾਸੀ, ਕਾਮਨੀ, ਵਿਭਚਾਰੀ
ਤੇਰੀ ਉਸ ਗੱਲ ਦਾ ਜਵਾਬ ਦੇਣ ਤੋਂ ਬੇਵੱਸ
'ਚੁੱਪ' ਧਰਤੀ ਸਾਂ ।

ਉਹ ਧਰਤੀ, ਜਿਸਨੂੰ ਆਪਾਂ ਬੋਲੀ-ਬਹਿਰੀ ਆਖਦੇ ਹਾਂ
ਜੋ ਗੱਡੀ ਲੰਘਦਿਆਂ ਵੀ ਆਵਾਜ਼ ਨਹੀਂ ਦਿੰਦੀ
ਚਿਤਵਾਨੀ ਨਹੀਂ ਦਿੰਦੀ ।

ਇਹ ਚੁੱਪ ਔਰਤ ਦਾ, ਬੋਲੀ-ਧਰਤੀ ਦਾ ਸੁਭਾਅ
ਤੇਰੇ ਲਈ ਕਿੰਨਾ ਖ਼ਤਰਨਾਕ ਹੈ
ਕਿੰਨਾ ਅਪੂਰਨ ਅਤੇ ਅਸੁਰੱਖਿਅਤ ਹੈ
ਇਹ ਸ਼ਾਇਦ ਤੂੰ ਨਹੀਂ ਜਾਣਦਾ ।

ਇਹ ਘੇਸਲ ਵੱਟ ਧਰਤੀ ਲਿਤਾੜਦਾ
ਆਪਣੇ ਹੀ ਹੰਕਾਰ 'ਚ ਅੱਗੇ ਤੁਰਦਾ ਹੈ ।

ਫੇਰ ਇਕ ਫ਼ਕੀਰ ਨਾਨਕ ਦੇ ਬੋਲਾਂ
ਤੈਨੂੰ ਚੁਕੰਨਾ ਕੀਤਾ
ਔਰਤ ਦੀ ਚੇਤਨਾ ਦੇ ਮਹੱਤਵ ਪ੍ਰਤੀ
ਮੇਰੀ ਸਿਰਜਨ ਸ਼ਕਤੀ ਦੀ ਵੰਗਾਰ ਪ੍ਰਤੀ

...ਤੇ ਫੇਰ ਤੇਰੇ ਸਵਾਲ ਦੇ ਜਵਾਬ 'ਚ
ਮੈਂ ਜੱਗ ਦੀ ਜਣਨੀ ਦਾ
'ਭੰਡਿ ਹੋਵੈ ਬੰਧਾਨੁ' ਦਾ ਰੁਤਬਾ ਪਾਇਆ
ਤੇ ਮੈਂ ਇਕ 'ਚੇਤਨਾ' ਸਰੂਪ
'ਮਾਂ', 'ਧੀ', 'ਪਤਨੀ' ਦਾ ਨਾਂ
ਆਪਣੀ ਹੋਂਦ ਦੇ ਅਹਿਸਾਸ ਵਜੋਂ ਜਤਾਇਆ ।

ਤੂੰ ਇਹ ਭੁੱਲ ਜਾ ਕਿ
ਮੈਂ ਕੋਈ ਕੁਦਰਤ ਵਲੋਂ ਤੇਰੇ ਲਈ
ਸੁੰਦਰ 'ਤੋਹਫ਼ਾ' ਹਾਂ ਜਾਂ ਫੇਰ ਕੋਈ ਮੂਰਤ ਹਾਂ
ਜੋ ਕਾਰਨਸ ਤੇ ਸਜਾਈ ਜਾ ਸਕਾਂ

ਤੇ ਮੈਂ ਕੋਈ ਸੁੰਦਰਤਾ ਦਾ ਪ੍ਰਤੀਕ 'ਫ਼ੁੱਲ' ਵੀ ਨਹੀਂ
ਕਿ ਤੋੜੇਂ ਤੇ ਸੁੰਘਣ ਤੋਂ ਬਾਅਦ ਸੁੱਟ ਦੇਵੇਂ
ਕਿਉਂਕਿ ਇਕ ਸੰਤ-ਸਿਪਾਹੀ ਨੇ ਮੈਨੂੰ
ਚੰਡੀ, ਸ਼ਕਤੀ, ਤਲਵਾਰ ਦਾ ਰੁਤਬਾ ਵੀ ਦਿੱਤਾ ਹੈ ।

ਤੇ ਫੇਰ ਮੈਂ ਗੁਰੂ ਨੂੰ ਬੇਦਾਵਾ ਦੇ ਆਏ
ਮਰਦ ਲਈ ਇਕ ਲਲਕਾਰ ਬਣੀ ।

ਮੈਂ ਵੀ ਸਵਾਲ ਕਰਨ ਜੋਗਾ ਬਣੀ
ਕਿ ਉਦੋਂ ਤੂੰ ਕਿਥੇ ਸੀ ?
ਜਦੋਂ 'ਗੁਰੂ' ਨੂੰ ਛੱਡ
ਤੂੰ ਅਨੰਦਪੁਰੋਂ ਭੱਜ ਆਇਆ ਸੀ
ਤੇ ਤੈਨੂੰ 'ਗੁਰੂ' ਨਾਲੋਂ
'ਆਪਾ' ਪਿਆਰਾ ਹੋ ਗਿਆ ਸੀ ।

ਅਤੇ ਉਦੋਂ ਤੂੰ ਕਿਥੇ ਸੀ
ਜਦੋਂ ਕਿਸੇ 'ਕਿਰਨ' ਦੀ ਦੇਹੀ ਭੋਗ
ਉਸਨੂੰ ਟੋਏ 'ਚ ਸੁੱਟ ਦਫ਼ਨ ਕਰ
ਮਾਰ ਮੁਕਾ ਆਇਆ ਸੀ ।

ਯਾਦ ਰੱਖ, ਧਰਤੀ ਨੂੰ ਆਪਣੀ ਦੇਹੀ ਤੇ ਮਾਣ ਨਹੀਂ ਹੁੰਦਾ
ਪਰ ਉਸ ਦੀ ਸਿਰਜਨ ਸ਼ਕਤੀ ਮਹਾਨ ਹੈ
'ਸਿਰਜਨ ਸ਼ਕਤੀ' ਨੂੰ ਮਾਰਨਾ
ਮਰਦ ਦਾ ਕੰਮ ਨਹੀਂ
ਸਗੋਂ ਆਪਣੇ ਕਰਮ-ਗਿਆਨ ਨਾਲ
ਉਸ 'ਚੇਤਨਾ' ਦਾ
ਬੁੱਕਲ ਦੀ ਮੋਹ-ਨਿੱਘ ਵਿਚ
ਬਦਲਨਾ ਹੀ ਵਿਕਾਸ ਹੈ

ਇਹ ਬ੍ਰਹਿਮੰਡ ਸੁੰਨ ਨਹੀਂ
ਅਰਧ-ਪੁਰਸ਼ ਅਰਧ-ਨਾਰੀ ਹੈ
ਤੇਰੇ ਅਤੇ ਉਸ ਦੇ ਜੋ ਕੋਈ ਵੀ ਹੈ ਦੇ ਸਵਾਲ
ਕਿ ਔਰਤ ਕੀ ਹੈ ?
ਮੇਰੇ ਉਸ ਦੇ ਜੋ ਕੋਈ ਵੀ ਹੈ, ਦਾ ਜਵਾਬ
ਇਹੀ ਹੈ... ਬਸ ਇਹੀ ਹੈ —
ਕਿ ਬ੍ਰਹਿਮੰਡ ਸੁੰਨ ਨਹੀਂ
ਜਿਸਦੀ ਔਰਤ ਭਾਗ ਹੈ ।



Sri Satguru Jagjit Singh Ji eLibrary NamdhariElibrary@gmail.com

# ਲੱਭ ਰਹੀ ਹਾਂ ਦਿਲਬਰ ਮਾਹੀ

—ਨੀਲਮ ਸੰਜੀਵ

ਮੈਂ ਜਦ ਛੋਟੀ ਬੱਚੀ ਸਾਂ
ਤੇ ਉਮਰ ਵੱਲੋਂ ਵੀ ਕੱਚੀ ਸਾਂ।
ਇਕ ਸੁਫਨਾ ਮੈਨੂੰ ਰੋਜ਼ ਸਤਾਵੇ
ਮੇਰੇ ਮਨ ਨੂੰ ਝੂਣ ਜਗਾਵੇ।
ਰਾਜ ਕੁਮਾਰ ਇਕ ਸੁੰਦਰ ਸੋਹਣਾ
ਸੋਹਣਿਆਂ ਵਿਚੋਂ ਉਹ ਮਨ ਮੋਹਣਾ।
ਉਹਦੇ ਵੱਲ ਜਦੋਂ ਝਾਤੀ ਪਾਵਾਂ
ਕੀ ਦੱਸਾਂ ਮੈਂ ਕਿੰਝ ਸ਼ਰਮਾਵਾਂ।
ਫਿਰ ਉਹ ਚੁੱਪ ਦੀ ਪਉੜੀ ਚੜ੍ਹਕੇ
ਬਾਹੋਂ ਲੈ ਜਾਏ ਮੈਨੂੰ ਫੜ ਕੇ।
ਕੀ ਦੱਸਾਂ ਮੈਂ ਦਿਲ ਦੀ ਖਰੀਆ
ਉੱਥੇ ਸੋਹਣੀਆਂ ਸੋਹਣੀਆਂ ਪਰੀਆਂ।
ਪਰੀਆਂ ਦੀ ਵੀ ਅਜਬ ਕਹਾਣੀ
ਮੈਂ ਪਰੀਆਂ ਦੀ ਬਣ ਗਈ ਰਾਣੀ।
ਪਰੀਆਂ ਤੇ ਮੈਂ ਰਾਜ ਕਮਾਵਾਂ
ਮੇਰੇ ਚੁੰਮਣ ਪੈਰ ਹਵਾਵਾਂ।
ਪਰ ਮੈਂ ਇਕ ਦਮ ਉਦੋਂ ਤ੍ਰਬਕਾਂ
ਮਾਂ ਮੇਰੀ ਜਦ ਮਾਰੇ ਝਿੜਕਾਂ।
ਸਿਰ ਮੇਰੇ ਤੇ ਗੁੱਸਾ ਝੁਲੇ
ਉੱਠ ਕੁੜੀਏ ਨੀ ਚੱਲ ਸਕੂਲੇ।
ਤਿਤਲੀ ਵਾਂਗ ਮੈਂ ਉੱਡਦੀ ਰਹਿੰਦੀ
ਇਕ ਪੱਲ ਨਾ ਮੈਂ ਟਿੱਕ ਕੇ ਬਹਿੰਦੀ।
ਮੈਨੂੰ ਕੋਈ ਫਿਕਰ ਨਾ ਫ਼ਾਕਾ
ਪਰ ਪੈਂਦਾ ਮੈਨੂੰ ਇਕ ਝਲਾਕਾ।
ਰਾਜ ਕੁਮਾਰ ਮੇਰੇ ਮਨ ਵਿਚ ਵੱਸਿਆ
ਪਿਆਰ ਉਹਦਾ ਮੇਰੇ ਲੂੰ ਲੂੰ ਧਸਿਆ।
ਮੈਂ ਫਿਰ ਹੋਈ ਇੰਜ ਜੁਆਨ
ਕਲੀਆਂ ਵੀ ਮੈਥੋਂ ਸ਼ਰਮਾਣ।
ਜਿਸ ਦੀ ਜਾਨ 'ਚ ਮੇਰੀ ਜਾਨ
ਕਰਦੀ ਰਹਾਂ ਉਸਦੀ ਪਹਿਚਾਣ।

ਖੁਸ਼ਬੂ ਵਾਂਗੂ ਵਾਲ ਸਜਾਵਾਂ
ਉਸਦੇ ਪਿੱਛੇ ਭੱਜਦੀ ਜਾਵਾਂ।
ਮੇਰੀ ਨੀਝ ਚੁਫੇਰੇ ਜਾਵੇ
ਉਹ ਹਰਜਾਈ ਨਜ਼ਰ ਨਾ ਆਵੇ।
ਐਸੀ ਉਸ ਦੀ ਜੋਤ ਲਾਸਾਨੀ
ਲੱਭ ਲੱਭ ਉਸ ਨੂੰ ਹੋਈ ਦਿਵਾਨੀ।
ਫੇਰ ਅਵਸਥਾ ਐਸੀ ਆਈ
ਮਾਪਿਆਂ ਦੀ ਸੀ ਜੋ ਵਡਿਆਈ।
ਮਾਪਿਆਂ ਲੱਭਿਆ ਮੇਰਾ ਵਰ
ਤੋਰ ਦਿੱਤਾ ਫਿਰ ਸੋਹਰੇ ਘਰ।
ਮਾਪਿਆਂ ਦਾ ਸੀ ਨੇਕ ਸੁਭਾਅ
ਆਪਣੇ ਕੀਤੇ ਪੂਰੇ ਚਾਅ।
ਜਾ ਬੱਚੀ ਤੂੰ ਜਮ-ਜਮ ਜਾ
ਆਪਣੇ ਘਰ ਨੂੰ ਸਵਰਗ ਬਣਾ।
ਸੌਹਰੇ ਘਰ ਦੀ ਕੀ ਸੁਣਾਵਾਂ
ਮੈਨੂੰ ਕੀਤੀਆਂ ਹੱਥੀਂ ਛਾਵਾਂ।
ਸੌਹਰੇ ਘਰ ਦਾ ਸਭ ਪਰਿਵਾਰ
ਕਰਦਾ ਮੈਨੂੰ ਰੱਜ ਰੱਜ ਪਿਆਰ।
ਪਰ ਇਸ ਪਿਆਰ ਕੀ ਚੰਨ ਚੜ੍ਹਾਇਆ
ਚੌਥੇ ਦਿਨ ਹੀ ਸੁੱਕਣੇ ਪਾਇਆ।
ਦੁੱਖਾਂ ਦਾ ਨਾ ਰਿਹਾ ਸ਼ੁਮਾਰ
ਤਾਨਿਆਂ ਮਿਹਣਿਆਂ ਦਿੱਤਾ ਮਾਰ।
ਕੀ ਦੱਸਾਂ ਕਿੰਝ ਹੋਈ ਤੰਗ
ਸੌਹਰਿਆਂ ਦਿੱਤਾ ਸੂਲੀ ਟੰਗ।
ਪਾਣੀਪੱਤ ਦੀ ਜੰਗ ਦੇ ਵਾਗੂੰ
ਘਰ ਵਿਚ ਲੱਗੀ ਰਹਿੰਦੀ ਜੰਗ।
ਐਸੀ ਮੇਰੀ ਜਿੰਦ ਘਬਰਾਈ
ਦੁੱਖ ਫੋਲਣ ਮੈਂ ਪੇਕੇ ਆਈ।
ਕਿਸਮਤ ਨੇ ਕੀ ਖੇਲ ਰਚਾਇਆ
ਹਰ ਆਪਣਾ ਮੈਨੂੰ ਲੱਗੇ ਪਰਾਇਆ।



Sri Satguru Jagjit Singh Ji eLibrary NamdhariElibrary@gmail.com

ਸਮੇਂ ਕਰਾਈ ਕਿਹੀ ਅਲਾਪੀ
ਕੋਠੇ ਜਿੱਡੀ ਛੋਟੀ ਜਾਪੀ।
ਰੋਂਦੀ ਰਹਿੰਦੀ ਉਠਦੀ ਬਹਿੰਦੀ
ਸੋਚਾਂ ਦੇ ਵਿਚ ਡੁੱਬੀ ਰਹਿੰਦੀ।
ਵੇਲਾ ਐਸਾ ਮਿਲਿਆ ਛਲੀਆ
ਰਿੱਧੀ ਖੀਰ ਤੇ ਹੋ ਗਿਆ ਦਲੀਆ।
ਐਸੀ ਆਈ ਪੇਕੇ ਦੁਆਰ
ਹੋ ਗਈ ਹੋਰ ਦੀ ਹੋਰ ਬੀਮਾਰ।
ਐਸਾ ਚੜ੍ਹਿਆ ਤੇਜ਼ ਬੁਖਾਰ
ਤਨ 'ਚੋਂ ਹੋ ਗਈ ਹੋਸ਼ ਫਰਾਰ।
ਬੇਹੋਸ਼ੀ ਵਿਚ ਸੁਪਨਾ ਡਿੱਠਾ
ਸ਼ਹਿਦ ਨਾਲੋਂ ਉਹ ਸੁਪਨਾ ਮਿੱਠਾ।
ਸੁਪਨੇ ਦਾ ਇਕ ਰਾਜ ਕੁਮਾਰ
ਇਉਂ ਲੱਗੇ ਜਿਵੇਂ ਖਿੜੀ ਬਹਾਰ।
ਅੱਖਾਂ ਵਿਚ ਚਾਨਣ ਦੇ ਡੋਰੇ
ਬੁੱਲ੍ਹਾਂ 'ਚੋਂ ਖੁਸ਼ਬੂ ਖਿਲੇਰੇ।
ਕਿੰਝ ਕਰਾਂ ਉਸ ਦਾ ਵਿਸਥਾਰ
ਲੈ ਗਿਆ ਮੈਨੂੰ ਗਗਨੋਂ ਪਾਰ।
ਉਥੇ ਬੈਠੀਆਂ ਪਰੀਆਂ ਪਰੀਆਂ
ਵੇਖ ਵੇਖ ਕੇ ਅੱਖਾਂ ਠਰੀਆਂ।
ਦੱਸਾਂ ਕੀ ਮੈਂ ਹੋਰ ਕਹਾਣੀ
ਪਰੀਆਂ ਦੀ ਮੈਂ ਲੱਗਾਂ ਰਾਣੀ।
ਰਾਜ ਕੁਮਾਰ ਮੇਰਾ ਜੋਬਨ ਤੱਕੇ
ਤੱਕਦਾ ਤੱਕਦਾ ਮੂਲ ਨਾ ਝੱਕੇ।
ਬਹਿ ਗਿਆ ਮੈਨੂੰ ਬਾਹੋਂ ਫੜਕੇ
ਮੇਰਾ ਨਰਮ ਕਲੇਜਾ ਧੜਕੇ।
ਮੈਂ ਜਾਤਾ ਕੋਈ ਆਫਤ ਆਈ
ਪਰ ਉਹ ਦਿੱਸਿਆਂ ਰੂਪ ਇਲਾਹੀ।
ਭਾਵੇਂ ਰਹੀ ਨਾ ਜਾਨ 'ਚ ਜਾਨ
ਪਰ ਉਸ ਨੂੰ ਮੈਂ ਲਿਆ ਪਛਾਣ।
ਇੰਝ ਬਣਿਆ ਉਹ ਮੇਰਾ ਭੇਤੀ
ਜਿਵੇਂ ਖੇਤੀ ਕਰਮਾਂ ਸੇਤੀ।
ਮੈਨੂੰ ਫੇਰ ਬਿਠਾ ਕੇ ਕੋਲ
ਮਿਸਰੀ ਵਰਗੇ ਬੋਲੇ ਬੋਲ।
ਇੰਝ ਉਸ ਫਿਰ ਗੱਲ ਚਲਾਈ
ਮੇਰੀ ਸੁੱਤੀ ਹੋਸ਼ ਜਗਾਈ।
ਮੈਨੂੰ ਆਖੇ ਕੁਝ ਤਾਂ ਬੋਲ
ਕੀ ਨਹੀਂ ਭਲਾ ਤੇਰੇ ਕੋਲ।
ਨਾ ਤੂੰ ਕਿਸਮਤ ਪਿੱਛੇ ਭੱਜ
ਸਾਂਭ ਲੈ ਆਪਣੀ ਆਪੇ ਲੱਜ।
ਮੇਰੀ ਗੱਲ ਨੂੰ ਸੱਚ ਕਰ ਜਾਣੀਂ
ਛੱਡਦੇ ਛੱਡਦੇ ਆਸ ਬਗਾਨੀ।
ਦੁੱਖਾਂ ਤੋਂ ਹੈ ਜੋ ਘਬਰਾਂਦਾ
ਥਾਂ ਥਾਂ ਤੇ ਉਹ ਧੱਕੇ ਖਾਂਦਾ।
ਹਿੰਮਤ ਬਾਝੋਂ ਜੋ ਵੀ ਕਲੀਆਂ
ਦੁਨੀਆ ਨੇ ਪੈਰਾਂ ਵਿਚ ਮਲੀਆਂ।
ਚਿਹਰੇ ਦੀ ਨਾ ਰਹਿੰਦੀ ਸ਼ੋ
ਨੈਣਾਂ 'ਚੋਂ ਰੁੱਸ ਜਾਂਦੀ ਲੋਅ।
ਨੀਲਮ ਮਨ 'ਚੋਂ ਭਰਮ ਮੁਕਾਅ
ਆਪਣੇ ਦਿਲ ਤੇ ਕਾਬੂ ਪਾ।
ਤੂੰ ਮਾਇਆ ਇਕ ਐਸੀ ਮਾਇਆ
ਜਿਸ ਨੇ ਸਾਰਾ ਜਗਤ ਰਚਾਇਆ।
ਫਿਰ ਇਕ ਝਟਕਾ ਐਸਾ ਲੱਗਾ
ਰੂਪ ਗੁਲਾਬੀ ਹੋ ਗਿਆ ਬੱਗਾ।
ਮਹਿਕਾਂ ਨੇ ਇੰਝ ਘੇਰਾ ਪਾਇਆ
ਮੈਨੂੰ ਫੜ ਕੇ ਝੂਣ ਜਗਾਇਆ।
ਖੁੱਲ੍ਹੀ ਅੱਖ ਤੇ ਹੋਈ ਹੈਰਾਨੀ
ਪਿਘਲੀ ਪਿਘਲੀ ਲੱਗੇ ਜਵਾਨੀ।
ਜਿਸ ਨੇ ਮੇਰੀ ਪੀੜ ਪਛਾਣੀ
ਉਹ ਦਿਸਿਆ ਨਾ ਦਿਲਬਰ ਜਾਨੀ।
ਨਾ ਉਥੇ ਕੋਈ ਬਾਗ ਬਹਾਰ
ਨਾ ਉਥੇ ਉਹ ਰਾਜ ਕੁਮਾਰ।
ਆਖਰ ਆਇਆ ਇਹ ਵਿਚਾਰ
ਹੋਜਾਂ ਉਸਦੀ ਸ਼ੁਕਰ ਗੁਜ਼ਾਰ।
ਹੁਣ ਮੈਂ ਲਾਹ ਕੇ ਸਾਰੀਆਂ ਸੰਗਾਂ
ਸੁੱਖਾਂ ਉਸਦੀਆਂ ਨਿੱਤ ਦਿਨ ਮੰਗਾਂ।

ਕਵਾਟਰ ਨੰ: ੧੯
ਸ਼ੂਗਰ ਮਿੱਲ; ਫਗਵਾੜਾ



Sri Satguru Jagjit Singh Ji eLibrary NamdhariElibrary@gmail.com

# ਰੱਬ ਦਿਆ ਬੰਦਿਆ... ...

—ਸੋਹਣ ਸਿੰਘ ਜੋਸ਼

ਬਹੁਤ ਪੈਸਾ ਬਹੁਤਾ ਦੁਖ ਨਾਲ ਲੈ ਕੇ ਜੰਮਦਾ ਏ,
ਲੱਖਾਂ ਵਾਲਿਆਂ ਨੂੰ ਲੱਖਾਂ ਲੱਗਣ ਬੀਮਾਰੀਆਂ।
ਪੈਸੇ ਦਾ ਜ਼ੁਕਾਮ ਜਿਹਨੂੰ ਰਹਿੰਦਾ ਏ ਹਰ ਵੇਲੇ,
ਰੱਬ ਕੋਲੋਂ ਨੀਂਦਾਂ ਨਿਤ ਮੰਗਦਾ ਉਧਾਰੀਆਂ।
ਆਪਣੀਆਂ ਖੇਡਾਂ ਨਾਲ ਆਪੇ ਬੰਦਾ ਖੇਡਦਾ ਏ,
ਦੁੱਖ ਦੀਆਂ ਨਰਦਾਂ ਜੋ ਹੱਥੀਂ ਨੇ ਖਿਲਾਰੀਆਂ।
ਫੇਰ ਕੁਝ ਔੜਦਾ ਨਹੀਂ ਕੋਈ ਨੇੜੇ ਬੌੜ੍ਹਦਾ ਨਹੀਂ,
ਦਰਦ ਜਦੋਂ ਬਹਿ ਜਾਂਦਾ ਜਿਸ ਵੇਲੇ ਜੋੜਾਂ ਵਿਚ।
ਰੱਬ ਦਿਆ ਬੰਦਿਆ ਰੱਬ ਰੱਬ ਕਰ ਬਹਿ ਕੇ,
ਸੁੱਖ ਤੇ ਆਰਾਮ ਨਹੀਂ ਲੱਖਾਂ ਤੇ ਕਰੋੜਾਂ ਵਿਚ।

ਸਾਰੀ ਸਾਰੀ ਰਾਤ ਉਹਦੀ ਲਗਦੀ ਨੀ ਅੱਖ ਕਦੀ,
ਪੈਸਾ ਤੇ ਔਲਾਦ ਬਹੁਤੀ ਸੂਲਾਂ ਦਾ ਵਿਛੌਣਾ ਏਂ।
ਚੰਗੇ ਭਲੇ ਬੰਦੇ ਦੀ ਇਹ ਮੱਤ ਦੋਵੇਂ ਮਾਰ ਦੇਂਦੇ,
ਸੌਣ ਨਹੀਓਂ ਦੇਂਦੇ ਨਾ ਆਪ ਏਨ੍ਹਾਂ ਸੌਣਾ ਏਂ।
ਧਰਤੀ ਦੇ ਉਤੇ ਕਦੀ ਲਗਦੇ ਨੀਂ ਪੈਰ ਪੂਰੇ,
ਜਿਹਨਾਂ ਹੱਥਾਂ ਵਿਚ ਇਹ ਖੰਡ ਦਾ ਖਿਡੌਣਾ ਏਂ।
ਕੰਨਾਂ ਤੋਂ ਇਹ ਬੋਲਾ ਗੂੰਗਾ ਜੰਮਿਆ ਜਮਾਂਦਰੂ ਇਹ
ਮਾੜੇ ਬੰਦੇ ਤਾਈਂ ਇਹਨੇ ਹਰ ਵੇਲੇ ਢੌਣਾ ਏਂ।
ਲੱਖਾਂ ਵਾਲੇ ਲੱਖਾਂ ਲੋਕੀ ਲੱਖਾਂ ਨਾਲ ਲੜੀ ਜਾਂਦੇ,
ਬੱਝੇ ਹੋਏ ਜਿਹੜੇ ਏਸ ਪੈਸੇ ਦੀਆਂ ਖੋੜਾਂ ਵਿਚ।
ਰੱਬ ਦਿਆ ਬੰਦਿਆ.........

ਸੱਭੋ ਕੁਝ ਦਿਤਾ ਤੈਨੂੰ ਜਿੰਨਾ ਮਨਜ਼ੂਰ ਉਹਨੂੰ,
ਚੁੱਪ ਕੀਤਾ ਚੁੱਪ ਰਹਿ ਕੇ ਰੱਬ ਰੱਬ ਕਰੀ ਜਾ।
ਮੱਥੇ ਵੱਟ ਪਾਵੀਂ ਨਾ ਤੂੰ ਨੰਗੇ ਪਿੰਡੇ ਰਹਿਕੇ ਵੀ,
ਨੰਗੇ ਪੈਰ ਆਪਣੇ ਨਾ ਅੱਗ ਉਤੇ ਧਰੀ ਜਾ।
ਜਿੰਨੀ ਦਿੱਤੀ ਜ਼ਿੰਦਗੀ, ਜੀ ਜੀਣ ਜੋਗਿਆ ਤੂੰ,
ਜੀਂਦਾ ਹੋਇਆ ਜੀਊਂਦੇ ਜੀ ਐਵੇਂ ਨਾ ਤੂੰ ਮਰੀ ਜਾ।

ਤੇਰਾ ਜੋ ਨਸੀਬ ਤੈਨੂੰ ਦੇਣਾ ਏ ਜ਼ਰੂਰ ਓਹਨੇ,
ਵੇਖ ਵੇਖ ਦੂਜਿਆਂ ਨੂੰ ਹੌਕੇ ਨਾ ਤੂੰ ਭਰੀ ਜਾ।
ਸਾਰਾ ਦਿਨ ਗਾਉਂਦੇ ਰਹਿੰਦੇ ਵੇਖ ਉਨ੍ਹਾਂ ਪੰਛੀਆਂ ਨੂੰ,
ਆਲ੍ਹਣੇ ਬਣਾਏ ਜਿਨ੍ਹਾਂ ਪਿੱਪਲਾਂ ਤੇ ਬੋਹੜਾਂ ਵਿਚ।
ਰੱਬ ਦਿਆ ਬੰਦਿਆ.........

ਜੇ ਕਿਤੇ ਪੈਸੇ ਵਿਚ ਸੁੱਖ ਤੇ ਆਰਾਮ ਹੁੰਦਾ,
ਪੈਸੇ ਵਾਲੇ ਬੰਦੇ ਇਥੇ ਭਰ ਲੈਂਦੇ ਬੋਰੀਆਂ।
ਜੇ ਕਿਤੇ ਸੁੱਖ ਦੀ ਦੁਕਾਨ ਹੁੰਦੀ ਸੁਖੀ ਰਾਮਾ,
ਪੈਂਦੇ ਨਿੱਤ ਡਾਕੇ ਨਾਲੇ ਹੋਣੀਆਂ ਸੀ ਚੋਰੀਆਂ।
ਪੈਸੇ ਵਾਲੇ ਪੈਸੇ ਨਾਲ ਅਕਲਾਂ ਖਰੀਦ ਲੈਂਦੇ,
ਗੱਲਾਂ ਨਿੱਤ ਕਰਦੇ ਉਹ ਨਵੀਆਂ ਨਕੋਰੀਆਂ।
ਰੱਬ ਦੇ ਪਿਆਰੇ ਜਿਹੜੇ ਰੱਬ ਰੱਬ ਆਖਦੇ ਨੇ,
ਰੱਬ ਉਤੇ ਰੱਖਦੇ ਨੇ ਉਹ ਤੇ ਨਿੱਤ ਡੋਰੀਆਂ।
ਮੇਰਾ ਜੇ ਯਕੀਨ ਨਹੀਓਂ ਪੜ੍ਹ ਵੇਖੀਂ ਬੁਲੇਸ਼ਾਹ ਨੂੰ,
ਰੱਬ ਨੂੰ ਮਨਾਇਆ ਜੀਹਨੇ ਸੌਂ ਕੇ ਆਪ ਰੋੜਾਂ ਵਿਚ।
ਰੱਬ ਦਿਆ ਬੰਦਿਆ.........

ਦੇਂਦੇ ਨੇ ਦੁਆਵਾਂ ਉਹਦੇ ਦਰ ਤੇ ਫ਼ਕੀਰ ਜਿਹੜੇ,
ਵੰਡਦੇ ਨੇ ਬਾਦਸ਼ਾਹੀਆਂ ਸ਼ਾਹਾਂ ਦੇ ਉਹ ਸ਼ਾਹ ਨੇ।
ਉਹਨਾਂ ਅੱਗੇ ਚਲਦੀ ਨਹੀਂ ਕਿਸੇ ਦੀ ਵਾਹ ਕੋਈ,
ਬੇਪ੍ਰਵਾਹ ਉਹਨਾਂ ਦਾ ਉਹ ਵੱਡੇ ਬੇਪ੍ਰਵਾਹ ਨੇ।
ਅੱਲ੍ਹਾ ਦੇ ਪਿਆਰੇ ਜਿਹੜੇ ਅੱਲ੍ਹਾ ਨਾਲ ਮੇਲ ਦੇਂਦੇ,
ਅੱਲ੍ਹਾ ਦੀ ਪਛਾਣ ਉਹ ਤੇ ਅੱਲ੍ਹਾ ਦੇ ਗਵਾਹ ਨੇ।
੧੪ ਤਬਕਾਂ ਦੀ ਹੁੰਦੀ ਉਹਨਾਂ ਕੋਲ ਬਾਦਸ਼ਾਹੀ,
ਸੱਤਾਂ ਅਸਮਾਨਾਂ ਵਿਚ ਕੱਢ ਦਿੰਦੇ ਰਾਹ ਨੇ।
ਇਕ ਵੀ ਨਹੀਂ ਫੁੱਲ "ਜੋਸ਼" ਕੰਡੇ ਬੇਸ਼ੁਮਾਰ ਲਾਏ,
ਉਹਨੇ ਹੈ ਦੁੱਧ ਪਾਇਆ ਅੱਕਾਂ ਅਤੇ ਥੋਰਾਂ ਵਿਚ।
ਰੱਬ ਦਿਆ ਬੰਦਿਆ ਰੱਬ ਰੱਬ ਕਰ ਬਹਿ ਕੇ,
ਸੁੱਖ ਤੇ ਆਰਾਮ ਨਹੀਂ ਲੱਖਾਂ ਤੇ ਕਰੋੜਾਂ ਵਿਚ।



Sri Satguru Jagjit Singh Ji eLibrary NamdhariElibrary@gmail.com

# ਈਸਟ ਅਫਰੀਕਾ ਦੀ ਯਾਤਰਾ-੩

—ਜਗਦੀਸ਼ ਸਿੰਘ

ਇਕ ਅਗਸਤ ੧੯੯੮। ਅੱਜ ਪ੍ਰੋਗਰਾਮ ਰਾਮਗੜ੍ਹੀਆ ਗੁਰਦੁਆਰਾ ਨੈਰੋਬੀ ਵਿਚ ਸੀ। ਈਸਟ ਅਫਰੀਕਾ ਯਾਨੀ ਕੀਨੀਆ,ਯੁਗੰਡਾ, ਤਨਜ਼ਾਨੀਆ ਵਿਚ ਰਾਮਗੜ੍ਹੀਆ ਭਾਈਚਾਰਾ ਹੀ ਮੁੱਢ ਵਿਚ ਪਹੁੰਚਿਆ ਸੀ। ਇਹਨਾਂ ਦੀ ਇਥੇ ਆਮਦ ਨੂੰ ਲਗ ਭਗ ਸੌ ਸਾਲ ਹੋ ਗਿਆ ਹੈ। ਉਸ ਵੇਲੇ ਇਥੇ ਰੇਲ ਦੀਆਂ ਨਵੀਆਂ ਲਾਈਨਾਂ ਵਿਛਾਈਆਂ ਜਾ ਰਹੀਆਂ ਸਨ। ਰਾਮਗੜ੍ਹੀਆ ਭਾਈਚਾਰਾ ਤਦੋਂ ਤੋਂ ਲੈ ਕੇ ਹੀ ਇਥੋਂ ਦੇ ਜਨ-ਜੀਵਨ ਵਿਚ ਅਹਿਮ ਭੂਮਿਕਾ ਨਿਭਾ ਰਿਹ ਹੈ। ਵੱਡੇ ਵੱਡੇ ਕਾਰਖਾਨੇ, ਠੇਕੇਦਾਰੀਆਂ, ਫਰਨੀਚਰ ਹਾਊਸ, ਵਰਕਸ਼ਾਪਾਂ ਅਤੇ ਹੋਰ ਕਾਰੋਬਾਰ ਇਹਨਾਂ ਸਥਾਪਤ ਕੀਤੇ ਹਨ। ਕਈਆਂ ਪੀੜੀਆਂ ਤੋਂ ਰਹਿ ਰਹੇ ਇਹ ਲੋਕ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਸਨ ਕਿ ਯੁਗੰਡਾ ਵਿਚੋਂ ਈਦੀ ਅਮੀਨ ਨੇ ਸਾਰੇ ਏਸ਼ੀਅਨ ਰਾਤੋ ਰਾਤ ਕੱਢ ਦਿਤੇ। ਉਦੋਂ ਤੋਂ ਲੈ ਕੇ ਯੁਗੰਡਾ ਤੋਂ ਇਲਾਵਾ ਕੀਨੀਆ ਅਤੇ ਤਨਜ਼ਾਨੀਆ ਤੋਂ ਵੀ ਭਾਰੀ ਗਿਣਤੀ ਵਿਚ ਇਹ ਦੂਸਰੇ ਦੇਸ਼ਾਂ ਖਾਸ ਕਰਕੇ ਇੰਗਲੈਂਡ ਚਲੇ ਗਏ ਅਤੇ ਉਥੋਂ ਅਗਾਂਹ ਕੈਨੇਡਾ, ਅਮਰੀਕਾ ਵਲ ਜਿਥੇ ਵੀ ਗਏ ਇਹ ਆਪਣੇ ਨਾਲ ਤਕਨਾਲੋਜੀ, ਹੁਨਰ, ਉਚੇਰੀ ਵਿਦਿਆ ਅਤੇ ਤਜਰਬਾ ਲੈ ਕੇ ਗਏ ਹਨ। ਹਰ ਜਗਹ ਹੀ ਇਹਨਾਂ ਦੀ ਕਾਮਯਾਬੀ ਰਹੀ ਹੈ। ਇਸ ਸਦੀ ਦੇ ਸ਼ੁਰੂ ਤੋਂ ਹੀ ਇਸ ਬਰਾਦਰੀ ਨੇ ਆਪਣਾ ਭਾਈਚਾਰਾ ਸੰਗਤ ਅਤੇ ਗੁਰਦੁਆਰਿਆਂ ਦੇ ਰੂਪ ਵਿਚ ਵੀ ਕਾਇਮ ਕਰ ਲਿਆ। ਭਾਵੇਂ ਭਾਰੀ ਗਿਣਤੀ ਵਿਚ ਇਹ ਅਫਰੀਕਾ ਨੂੰ ਛੱਡ ਗਏ ਹਨ ਪਰ ਅਜੇ ਵੀ ਇਹਨਾਂ ਦੀਆਂ ਪੈੜਾਂ ਦੇ ਨਿਸ਼ਾਨ ਡੂੰਘੇ ਹਨ। ਇਹਨਾਂ ਦੇ ਗੁਰਦੁਆਰੇ ਭਵਨ ਕਲਾ ਦਾ ਸ਼ਾਨਦਾਰ ਨਮੂਨਾ ਹਨ। ਨੈਰੋਬੀ ਵਿਚਲਾ ਰਾਮਗੜ੍ਹੀਆ ਗੁਰਦੁਆਰਾ ਜਿਸਨੂੰ ਰਾਮਗੜ੍ਹੀਆ ਟੈਂਪਲ ਵੀ ਕਿਹਾ ਜਾਂਦਾ ਹੈ ਬਹੁਤ ਵਿਸ਼ਾਲ ਥਾਂ ਤੇ ਬਣਿਆ ਸਾਰੀਆਂ ਨਵੀਨ ਸੁਖ ਸੁਵਿਧਾਵਾਂ ਵਾਲਾ ਖੂਬਸੂਰਤ ਕੇਂਦਰ ਹੈ। ਇਹ ਇਥੋਂ ਦੀ ਰਾਮਗੜ੍ਹੀਆ ਬਰਾਦਰੀ ਦੀ ਸ਼ਾਨ ਹੈ। ਮੈਂ ਇਸ ਗੁਰਦੁਆਰੇ ਦੇ ਦਰਸ਼ਨ ਸੰਨ ੧੯੮੫ ਵਿਚ ਕੀਤੇ ਸਨ। ਉਦੋਂ ਨਾਮਧਾਰੀ ਸੰਗਤ ਦੇ ਪ੍ਰਧਾਨ ਸ. ਸਰਵਨ ਸਿੰਘ ਸੌਖੀ ਨਾਲ ਇਕ ਵਿਆਹ ਸਮਾਗਮ ਤੇ ਗਿਆ ਸੀ। ਉਪਰਲੇ ਹਾਲ ਵਿਚ ਗੁਰੂ ਗਰੰਥ ਸਾਹਿਬ ਦਾ ਪਰਕਾਸ਼ ਅਤੇ ਦੀਵਾਨ ਅਸਥਾਨ ਹੈ। ਇਸ ਗੁਰਦੁਆਰੇ ਦੇ ਥਲੇ ਉਸ ਤੋਂ ਵੀ ਵੱਡਾ ਹਾਲ ਹੈ ਜਿਹੜਾ ਕਿ ਬਰਾਦਰੀ ਦੇ ਸਮਾਜਿਕ ਕਾਰਜਾਂ ਲਈ ਵਰਤਿਆ ਜਾਂਦਾ ਹੈ। ਇਥੇ ਹੋਰ ਲੋਕਾਂ ਦੇ ਸਮਾਗਮ ਵੀ ਹੋ ਜਾਂਦੇ ਹਨ ਭਾਵ ਮਰਿਆਦਾ ਅੰਦਰ ਖੁਲੇ ਸਮਾਗਮ। ਨਾਮਧਾਰੀ ਸਮਾਜ ਵਿਚ ਭਾਵੇਂ ਸਾਰੀਆਂ ਜਾਤਾਂ 'ਬਰਾਦਰੀਆਂ ਦੇ ਲੋਕ ਹਨ ਪਰ ਇਸ ਸਮਾਜ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਰਾਮਗੜ੍ਹੀਆ ਕੁਲ ਵਿਚੋਂ ਹਨ ਇਸ ਵਾਸਤੇ ਨਾਮਧਾਰੀ ਗੁਰੂ ਸਾਹਿਬਾਨ ਨਾਲ ਰਾਮਗੜ੍ਹੀਆ ਬਰਾਦਰੀ ਦੀ ਸ਼ਰਧਾ ਰਹੀ ਹੈ ਪਰ ਨਾਮਧਾਰੀ ਮਰਿਆਦਾ ਰਹੁ, ਰੀਤ ਵਲੋਂ ਇਹ ਆਜ਼ਾਦ ਵੀ ਰਹੇ ਹਨ। ਰਾਮਗੜ੍ਹੀਆ ਗੁਰਦੁਆਰੇ ਵਿਚ ਰਹੁ ਰੀਤ ਸਿੰਘ ਸਭਾਈ ਹੀ ਰਹੀ ਹੈ। ਅਤੇ ਬਾਕੀ ਗੱਲਾਂ ਛੱਡ ਵੀ ਦਈਏ ਤਾਂ ਵੱਡਾ ਫਰਕ ਤਾਂ ਇਹ ਹੈ ਹੀ ਕਿ ਬਾਕੀ ਸਿੱਖ ਜਿਥੇ ੧੦ ਗੁਰੂ ਸਾਹਿਬ ਤਕ ਅਰਦਾਸ ਕਰਦੇ ਹਨ। ਉਥੇ ਨਾਮਧਾਰੀ ਸਿੱਖਾਂ ਦੀ ਅਰਦਾਸ ੧੦ ਗੁਰੂ ਸਾਹਿਬਾਨ ਤੋਂ ਬਾਦ ਵਰਤਮਾਨ ਸਤਿਗੁਰੂ ਸਾਹਿਬ ਤਕ ਆਉਂਦੀ ਹੈ। ਇਹ ਫਰਕ ਵਾਲੀ ਗੱਲ ਹੀ ਰਾਮਗੜ੍ਹੀਆ ਗੁਰਦੁਆਰੇ ਵਿਚ ਨਾਮਧਾਰੀ ਸਤਿਗੁਰੂ ਜੀ ਦੀਵਾਨ ਨੂੰ ਮਹੱਤਤਾ ਅਤੇ ਉਤਸੁਕਤਾ ਪ੍ਰਦਾਨ ਕਰਦੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਕਤ ਰਾਮਗੜ੍ਹੀਆ ਬਰਾਦਰੀ ਵਲੋਂ ਉਹਨਾਂ ਦਾ ਭਰਵਾਂ ਸੁਆਗਤ ਵੀ ਹੋਇਆ ਤੇ ਗੁਰਦੁਆਰੇ ਵਿਚ ਦੀਵਾਨ ਵੀ ਹੋਇਆ। ਸਗੋਂ ਬਹੁਗਿਣਤੀ ਵਿਚ ਰਾਮਗੜ੍ਹੀਆ ਬਰਾਦਰੀ ਨੇ ਸਤਿਗੁਰਾਂ ਤੋਂ ਭਜਨ ਪੁਛਿਆ ਅਤੇ ਮਾਸ ਸ਼ਰਾਬ ਦਾ ਤਿਆਗ ਕੀਤਾ ਸੀ। ਅੱਜ ਦੀ ਨੈਰੋਬੀ ਵਿਚਲੀ ਨਾਮਧਾਰੀ ਸਾਧ ਸੰਗਤ ਜ਼ਿਆਦਾਤਰ ਇਹਨਾਂ ਲੋਕਾਂ ਦਾ ਹੀ ਵਿਸਥਾਰ ਹੈ। ਪਰ ਬਾਦ ਵਿਚ ਲੰਮੇ ਸਮੇਂ ਤਕ ਰਾਮਗੜ੍ਹੀਆ ਬਰਾਦਰੀ ਦੇ ਮੁਖੀ ਨਾਮਧਾਰੀ ਧਰਮਸਾਲਾ ਵਿਚ ਤਾਂ ਆਉਂਦੇ ਰਹੇ ਹਨ ਪਰ ਰਾਮਗੜ੍ਹੀਆ ਗੁਰਦੁਆਰੇ ਵਿਚ ਨਾਮਧਾਰੀ ਦੀਵਾਨ ਜਾਂ ਸਤਿਗੁਰਾਂ ਦੇ ਅਭਿਨੰਦਨ ਦਾ ਸਮਾਚਾਰ ਨਹੀਂ ਮਿਲਿਆ। ਜੇ ਹੋਇਆ ਹੋਵੇ ਤਾਂ ਸਾਡੇ ਗਿਆਨ ਵਿਚ ਨਹੀਂ। ਦਰਅਸਲ ਇਸ ਵਾਰ ਵੀ ਗੱਲ ਸ਼ੱਕੀ ਹੋ ਗਈ ਸੀ ਜਦੋਂ ਸਾਨੂੰ ਤਨਜ਼ਾਨੀਆ ਵਿਚ ਪਤਾ ਲਗਾ ਕਿ ਕੁਝ ਸੱਜਣਾਂ ਵਲੋਂ ਅਰਦਾਸ ਦੇ ਮਾਮਲੇ ਨੂੰ ਅਗੇ ਲੈ ਆਂਦਾ ਗਿਆ ਹੈ ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਨੌਜਵਾਨ ਜਿਨ੍ਹਾਂ ਨੇ ਇਹ ਸਾਰਾ ਪ੍ਰੋਗਰਾਮ ਕੀਤਾ ਸੀ ਦੀਆਂ ਭਾਵਨਾਵਾਂ ਨੂੰ ਮੁਖ



Sri Satguru Jagjit Singh Ji eLibrary NamdhariElibrary@gmail.com

ਰਖਦਿਆਂ ਖੁਲ੍ਹੇ ਦਿਲ ਨਾਲ ਸਭ ਅੜਿਕੇ ਦੂਰ ਕਰ ਦਿਤੇ ਅਤੇ ਖੁਲ੍ਹੇ ਦਿਲ ਨਾਲ ਹੀ ਭਾਰੀ ਗਿਣਤੀ ਵਿਚ ਵਸਾਖੀ ਦੀ ਤੀਜੀ ਸ਼ਤਾਬਦੀ ਦੇ ਪਰਸੰਗ ਵਿਚਲੇ ਪ੍ਰੋਗਰਾਮ ਵਿਚ ਹਿੱਸਾ ਲਿਆ। ਇਹ ਹੀ ਇਸ ਸਮਾਗਮ ਦੀ ਮਹੱਤਤਾ ਸੀ। ਅਸੀਂ ਦੇਖਿਆ ਕਿ ਦੋਵੇਂ ਦਿਨ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਰਾਗੀ ਕਰਦੇ ਸਨ ਹਲੇ ਦੇ ਦੀਵਾਨ ਵੀ ਲਗਦੇ ਸਨ ਅਤੇ ਅਰਦਾਸ ਨਾਮਧਾਰੀ ਸਿੰਘ, ਮਾਸਟਰ ਦਰਸ਼ਨ ਸਿੰਘ ਕਰਦੇ ਸਨ। ਸ਼ਾਮ ਦੇ ਦੀਵਾਨ ਵਿਚ ਕੀਰਤਨ ਗੁਰਦੁਆਰੇ ਦਾ ਹਜ਼ੂਰੀ ਜੱਥਾ ਕਰਦਾ। ਅਰਦਾਸ ਵੀ ਹਜ਼ੂਰੀ ਗ੍ਰੰਥੀ ਸਾਹਿਬ ਕਰਦੇ ਅਤੇ ਵਾਕ ਲੈਂਦੇ। ਜਦੋਂ ਮਿਲਣਾ ਹੋਵੇ ਤਾਂ ਸੌ ਰਾਹ ਨਿਕਲ ਆਉਂਦੇ ਹਨ।

ਅੱਜ ਰਾਮਗੜ੍ਹੀਆ ਟੈਂਪਲ ਵਿਚ ਸੰਗਤਾਂ ਦੀ ਭਾਰੀ ਭੀੜ ਸੀ। ਸਵੇਰੇ ਚਾਰ ਵਜੇ ਤਕ ਦੀਵਾਨ ਹਾਲ ਭਰਪੂਰ ਸੀ। ਸਤਿਗੁਰੂ ਜੀ ਆਸਾ ਦੀ ਵਾਰ ਦੇ ਸ਼ੁਰੂ ਵਿਚ ਹੀ ਪਹੁੰਚ ਗਏ ਸਨ। ਗੁਰੂ ਗਰੰਥ ਸਾਹਿਬ ਦੀ ਤਾਬਿਆ ਪੰਜ ਸਿੰਘ ਬੈਠੇ ਸਨ। ਨਾਲ ਹੀ ਵੱਖਰੀ ਸਟੇਜ ਤੇ ਸਤਿਗੁਰੂ ਜੀ ਦਾ ਆਸਨ ਸੀ ਅਤੇ ਆਪ ਹਜ਼ੂਰੀ ਸਿੱਖਾਂ ਵਿਚ ਸੁਸ਼ੋਭਤ ਮਾਲਾ ਫੇਰ ਕੇ ਨਾਮ ਸਿਮਰਨ ਵਿਚ ਵਿਅਸਥ ਸਨ। ਇਕ ਹੋਰ ਸਟੇਜ ਸਤਿਗੁਰੂ ਜੀ ਦੇ ਸਾਹਮਣੇ ਸੀ ਜਿਥੇ ਰਾਗੀ ਸਿੰਘ ਸੰਤ ਹਰਬੰਸ ਸਿੰਘ ਘੁੱਲਾ, ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਸ਼ੇਰ ਸਿੰਘ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਸੰਗਤਾਂ ਦਾ ਅਪਾਰ ਸਮੂਹ ਸਵੇਰ ਤੋਂ ਹੀ ਆ ਆਕੇ ਸਤਿਗੁਰੂ ਜੀ ਨੂੰ ਨਮਸਕਾਰ ਕਰ ਕਰਕੇ ਆਪਣੀਆਂ ਥਾਵਾਂ ਤੇ ਬੈਠ ਰਿਹਾ ਸੀ। ਸਾਰੀ ਰਹੁ-ਰੀਤ ਸ੍ਰੀ ਭੈਣੀ ਸਾਹਿਬ ਵਾਲੀ ਹੀ ਸੀ।

ਰਾਗੀ ਸਿੰਘਾਂ ਦੇ ਕੀਰਤਨ ਨੇ ਅਲੌਕਿਕ ਰੰਗ ਬੰਨਿਆ ਹੋਇਆ ਸੀ। ਹਾਰਮੋਨੀਅਮ ਤਾਂ ਹੁੰਦਾ ਹੀ ਨਹੀਂ, ਦੋ ਦਿਲਰੁਬਾ (ਇਸਰਾਜਾਂ) 'ਚੋਂ ਨਿਕਲਦੀਆਂ ਮਿੱਠੀਆਂ ਸੁਰਾਂ ਸਨ ਅਤੇ ਨਾਲ ਹਰਪ੍ਰੀਤ ਸਿੰਘ ਹੋਰਾਂ ਦੇ ਤਬਲੇ 'ਚੋਂ ਨਿਕਲਦੇ ਬੋਲ ਸਨ। ਸੰਤ ਹਰਬੰਸ ਸਿੰਘ ਹੋਰੀਂ ਚੁਣ ਚੁਣਕੇ ਵਾਰ ਵਿਚ ਸ਼ਬਦ ਪੜ੍ਹ ਰਹੇ ਸਨ, ਜੋ ਆਸਾ ਦੀ ਵਾਰ ਦੇ ਛੱਕਿਆਂ ਦੇ ਭਾਵ ਦੇ ਹੁੰਦੇ ਅਤੇ ਇਕੱਲੀ ਇਕੱਲੀ ਤੁਕ ਦੇ ਨਾਲ ਢੁਕਵੇਂ ਪ੍ਰਮਾਣ ਗੁਰਬਾਣੀ 'ਚੋਂ ਗਾਏ ਜਾ ਰਹੇ ਸਨ। ਇਕ ਜਾਦੂ ਵਰਗਾ ਪ੍ਰਭਾਵ ਸੀ। ਵਿਸ਼ਾਲ ਹਾਲ ਵਿਚ ਦੂਰ ਤਕ ਮਾਈ-ਭਾਈ ਸੰਪੂਰਨ ਖ਼ਾਮੋਸ਼ੀ ਦੇ ਵਾਤਾਵਰਣ ਵਿਚ ਇਹ ਕੀਰਤਨ ਸੁਣ ਕੇ ਮੁਗਧ ਹੋ ਰਹੇ ਸਨ। ਰਾਗੀ ਸਿੰਘਾਂ ਨੇ ਰਾਗ ਆਸਾ, ਬਿਲਾਵਲ, ਲਲਿਤ, ਭੈਰਵ, ਰਾਮਕਲੀ, ਸੋਰਠ, ਆਸਾਵਰੀ ਸਮੇਤ ਕਈ ਰਾਗ ਗਾਏ। ਅਤੇ ਧਮਾਰ, ਚਾਰ ਤਾਲ, ਏਕ ਤਾਲ, ਦਾਦਰਾ, ਤਿੰਨ ਤਾਲ, ਪੰਜਾਬ ਠੇਕਾ, ਰੂਪਕ ਝੱਪ ਤਾਲ ਸਮੇਤ ਅਨੇਕਾਂ ਤਾਲਾਂ ਦਾ ਅਤੇ ਕਦੇ ਕਦੇ ਪੜਤਾਲਾਂ ਦਾ ਵੀ ਤਬਲੇ ਤੇ ਵਾਦਨ ਕੀਤਾ। ਕਦੇ ਕਦੇ ਜਦੋਂ ਲਹਿਰਾ ਵਜਾ ਕੇ ਤਬਲਾ ਵਾਦਨ ਕੀਤਾ ਜਾਂਦਾ ਤਾਂ ਅਦਭੁੱਤ ਸਮਾਂ ਬਣਦਾ। ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਹਰ ਪ੍ਰਕਾਰ ਦੀ ਵੇਸ-ਭੂਸ਼ਾ ਵਾਲੇ ਲੋਕ, ਨਾਮਧਾਰੀ ਪਹਿਰਾਵੇ ਵਾਲੇ, ਤਿੱਖੀਆਂ ਨੋਕਦਾਰ ਚਿੱਟੀਆਂ ਕਾਲੀਆਂ ਪੱਗਾਂ ਵਾਲੇ, ਪਜਾਮੇ ਅਤੇ ਪੈਂਟਾਂ ਵਾਲੇ ਲੋਕ ਅਤੇ ਮਾਈਆਂ ਬੀਬੀਆਂ ਨਮਸਕਾਰ ਕਰਨ ਆਏ। ਕਈ ਤਾਂ ਸਤਿਗੁਰਾਂ ਦੇ ਪੁਰਾਣੇ ਵਾਕਫਕਾਰ ਬੜੇ ਸਮੇਂ ਬਾਦ ਮਿਲਣ ਆਏ ਤਾਂ ਪ੍ਰੇਮ ਵਿਚ ਪ੍ਰਚਲਤ ਦਸਤੂਰ ਨੂੰ ਵੀ ਛੱਡ ਜਾਂਦੇ। ਸਤਿਗੁਰਾਂ ਦੇ ਚਰਨ ਫੜਨ ਜਾਂ ਕਲਾਵੇ ਵਿਚ ਲੈਣ ਦਾ ਜਤਨ ਵੀ ਕਰਦੇ। ਬੀਬੀਆਂ ਆਪਣੇ ਦੁਪੱਟਿਆਂ ਦੀਆਂ ਝੋਲੀਆਂ ਅੱਡ ਅੱਡ ਕੇ ਮੰਗਣ ਵਾਲੇ ਅੰਦਾਜ਼ ਵਿਚ ਹੱਥ ਕਰ ਕਰਕੇ ਯਾਚਨਾ ਕਰਦੀਆਂ। ਲਗਦਾ ਸੀ ਸਤਿਗੁਰੂ ਜੀ ਦੇ ਪ੍ਰੇਮ ਨੇ ਦੀਵਾਨਾ ਕੀਤਾ ਹੋਇਆ ਸੀ। ਪ੍ਰਸਪਰ ਪ੍ਰੇਮ, ਆਪਸੀ ਭਾਈਚਾਰੇ ਅਤੇ ਸਾਂਝ ਦੇ ਮਾਹੌਲ ਦਾ ਦਿਲਕਸ਼ ਨਜ਼ਾਰਾ ਸੀ। ਆਸਾ ਦੀ ਵਾਰ ਦਾ ਭੋਗ ਨਾ ਚਾਹੁੰਦਿਆਂ ਹੋਇਆਂ ਵੀ ਆਪਣੇ ਸਮੇਂ ਅਨੁਸਾਰ ਸੂਰਜ ਦੀ ਪਹਿਲੀ ਕਿਰਨ ਨਾਲ ਪਾ ਦਿਤਾ ਗਿਆ। ਇਹ ਉਹ ਸਮਾਂ ਸੀ ਜਦੋਂ ਗੁਰਦੁਆਰਿਆਂ ਵਿਚ ਅਜੇ ਸਵੇਰ ਦੇ ਪ੍ਰੋਗਰਾਮ ਸ਼ੁਰੂ ਵੀ ਨਹੀਂ ਹੁੰਦੇ ਸਨ। ਅਨੰਦ ਸਾਹਿਬ ਦੇ ਗਾਇਨ ਨਾਲ ਮਾਸਟਰ ਦਰਸ਼ਨ ਸਿੰਘ ਹੋਰਾਂ ਅਰਦਾਸਾ ਸੋਧਿਆ ਅਤੇ ਇਕ ਅਗਸਤ ਦੇ ਸਵੇਰ ਦੇ ਪ੍ਰੋਗਰਾਮਾਂ ਦੀ ਸਮਾਪਤੀ ਹੋਈ। 'ਵਸਾਖੀ-੩੦੦' ਦੇ ਸਕੱਤਰ ਸਾਹਿਬ ਸ. ਸੋਹਨ ਸਿੰਘ ਹੋਰਾਂ ਸ਼ਾਮ ਦੇ ਪ੍ਰੋਗਰਾਮ ਦੀ ਅਤੇ ਅਗਲੇ ਦਿਨ ਦੇ ਪ੍ਰੋਗਰਾਮ ਦੀ ਅਨਾਊਂਸਮੈਂਟ ਕੀਤੀ। ਸੰਗਤਾਂ ਲੰਗਰ ਹਾਲ ਵਲ ਚਲੀਆਂ ਗਈਆਂ। ਦੀਵਾਨ ਵਿਚ ਪ੍ਰੋ: ਉਪਕਾਰ ਸਿੰਘ ਆਏ ਸਨ ਉਹਨਾਂ ਸਾਰੇ ਗੁਰ-ਦੁਆਰੇ ਦੇ ਦਰਸ਼ਨ ਕਰਾਏ ਅਤੇ ਫੇਰ ਲੰਗਰ ਵਲ ਲੈ ਗਏ। ਪੰਗਤਾਂ ਵਿਚ ਬੈਠਣ ਵਾਸਤੇ ਲੱਕੜ ਦੇ ਬੈਠਵੇਂ ਲੰਮੇ ਬੈਂਚ ਬਣੇ ਸਨ। ਬਹੁਤ ਲੰਮੇ ਲੰਮੇ ਬਰਾਂਡੇ ਲੰਗਰ ਵਾਸਤੇ ਸਨ। ਇਥੇ ਬੈਠਿਆਂ ਉਪਕਾਰ ਸਿੰਘ ਹੋਰਾਂ ਇਕ ਬੰਦੇ ਨੂੰ ਮਿਲਾਇਆ, ਜੋ ਪੰਜਾਬੀ ਦੇ ਪ੍ਰਸਿਧ ਸ਼ਾਇਰ ਅਜਾਇਬ ਕਮਲ ਹੋਰਾਂ ਦਾ ਸਪੁੱਤਰ ਸੀ, ਉਸ ਨੇ ਅਜਾਇਬ ਕਮਲ ਹੋਰਾਂ



Sri Satguru Jagjit Singh Ji eLibrary NamdhariElibrary@gmail.com

ਦਾ ਸੁਨੇਹਾ ਦਿਤਾ ਕਿ ਉਹ ਬਾਹਰ ਗਏ ਹੋਏ ਹਨ, ਵਾਪਸ ਆ ਕੇ ਮਿਲਣਗੇ। ਮੇਰੀ ਅਜਾਇਬ ਕਮਲ ਮਿਹਰਮਯਾਰ ਅਤੇ ਪੰਜਾਬੀ ਦੇ ਪ੍ਰਸਿੱਧ ਕਵੀ ਸ. ਸੋਹਣ ਸਿੰਘ ਜੋਸ਼ ਨੂੰ ਮਿਲਣ ਦੀ ਤੀਬਰ ਇੱਛਾ ਸੀ ਅਤੇ ਇਸ ਕੰਮ ਵਿਚ ਪਦਮਜੀਤ ਸਿੰਘ ਅਤੇ ਉਪਕਾਰ ਸਿੰਘ ਹੋਰਾਂ ਦੀ ਮਦਦ ਲੈ ਰਿਹਾ ਸਾਂ। ਪਰ ਆਪ ਜ਼ਰਾ ਵੀ ਟਿਕ ਕੇ ਨਾ ਬੈਠ ਸਕਣ ਕਾਰਨ ਢੁਕਵਾਂ ਸਮਾਂ ਨਹੀਂ ਸੀ ਨਿਕਲ ਰਿਹਾ। ਦੋ ਦਿਨ ਨੈਰੋਬੀ ਰਹਿਣਾ ਸੀ ਅਤੇ ਫੇਰ ਚੱਲ ਪੈਣਾ ਸੀ।

ਸ਼ਾਮ ਨੂੰ ਰਾਮਗੜ੍ਹੀਆ ਗੁਰਦੁਆਰੇ ਵਿਚ ਤਾਂ ਤਿਲ ਧਰਨ ਨੂੰ ਥਾਂ ਵੀ ਨਾ ਰਹੀ। ਸਵੇਰ ਦੇ ਕੀਰਤਨ ਦੀ ਸੋਭਾ ਫੈਲ ਚੁਕੀ ਸੀ। ਸਥਾਨਕ ਰਾਗੀ ਜਥਾ ਗਿਆਨੀ ਰਾਵਿੰਦਰ ਸਿੰਘ ਕੁਲਦੀਪ ਸਿੰਘ ਪੂਰਨ ਸਿੰਘ ਪਰਮਜੀਤ ਸਿੰਘ ਹੋਰਾਂ ਸ਼ਬਦ ਕੀਰਤਨ ਕੀਤਾ। ਉਹਨਾਂ ਦੋ ਸ਼ਬਦ ਪੜ੍ਹੇ। ਇਕ ਸੀ "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ" ਦੀ ਟੇਕ ਉਤੇ, ਅਤੇ ਦੂਸਰਾ ਸੀ "ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥" ਰਾਗੀਆਂ ਦੇ ਕੀਰਤਨ ਬਾਦ ਪ੍ਰਸਿਧ ਨਾਮਧਾਰੀ ਕਲਾਕਾਰ ਰਾਗੀ ਬਲਵੰਤ ਸਿੰਘ ਦਾ ਸੰਤੂਰ ਵਾਦਨ ਸੀ! ਬਲਵੰਤ ਸਿੰਘ ਜੀ ਕਈ ਸਾਜ਼ਾਂ ਦੇ ਕੁਸ਼ਲ ਵਾਦਕ ਹਨ ਅਤੇ ਗਾਇਕ ਵੀ—ਉਹਨਾਂ ਅੱਜ ਸੰਤੂਰ ਤੇ ਰਾਗ ਪੂਰੀਆ ਧਨਾਸਰੀ ਵਜਾਇਆ। ਇਸ ਵਿਚ ਆਲਾਪ, ਜੋੜ, ਝਾਲਾ ਅਤੇ ਗਤਾਂ ਵਜਾਈਆਂ। ਸੰਤੂਰ ਸਾਜ਼ ਦਾ ਮਨਾਂ ਤੇ ਡੂੰਘਾ ਪ੍ਰਭਾਵ ਪਿਆ। ਨਾਲ ਹਰਪ੍ਰੀਤ ਸਿੰਘ ਸੋਨੂੰ ਦਾ ਮੁਕਾਬਲੇ ਦਾ ਹੀ ਤਬਲਾ ਵਾਦਨ ਸੀ। ਪ੍ਰੋਗਰਾਮ ਕਿਸੇ ਸੰਗੀਤ ਦੀ ਵਡੀ ਕਾਨਫਰੰਸ ਦਾ ਭੁਲੇਖਾ ਪਾਉਂਦਾ ਸੀ। ਸਮਾਪਤੀ ਤੇ ਨੈਰੋਬੀ ਦੇ ਲੋਕ—ਟਾਪ ਕਲਾਸ, ਵਰਲਡ ਲੈਵਲ—ਅਤੇ ਹੋਰ ਵਿਸ਼ੇਸ਼ਣਾਂ ਨਾਲ ਸੰਤੂਰ ਵਾਦਨ ਦੀ ਪ੍ਰਸੰਸਾ ਕਰ ਰਹੇ ਸਨ। ਅਰਦਾਸ ਉਪਰੰਤ ਵਾਕ ਲਿਆ ਗਿਆ ਤੇ ਦੀਵਾਨ ਦੀ ਸਮਾਪਤੀ ਹੋਈ। ਸਮਾਪਤੀ ਉਪਰੰਤ ਸਤਿਗੁਰੂ ਜੀ ਬਾਹਰ ਆਏ ਤਾਂ ਸੰਗਤਾਂ ਨੇ ਦਰਸ਼ਨਾਂ ਵਾਸਤੇ ਅਤੇ ਚਰਨ ਪਰਸਣ ਵਾਸਤੇ ਕਿੰਨਾ ਚਿਰ ਘੇਰਾ ਪਾਈ ਰਖਿਆ। ਅੱਜ ਦਾ ਦਿਨ ਬਹੁਤ ਹੀ ਸਫਲ ਰਿਹਾ ਸੀ ਅਤੇ ਸਾਰੇ ਦਿਨ ਦੇ ਪ੍ਰੋਗਰਾਮਾਂ ਦੀ ਪਰਸੰਸਾ ਹੀ ਹਰ ਇਕ ਦੀ ਜ਼ੁਬਾਨ ਤੇ ਸੀ। ਪ੍ਰੋਗਰਾਮ ਦੀ ਸਟੇਜ ਸਕੱਤਰੀ ਲਈ ਦੋ ਸਜਨ ਸਨ। "ਵਸਾਖੀ-੩੦੦" ਦੇ ਸਕੱਤਰ ਸ. ਸੋਹਣ ਸਿੰਘ ਅਤੇ ਨਾਮਧਾਰੀ ਸੰਗਤ ਦੇ ਸ. ਗੁਰਦੇਵ ਸਿੰਘ ਵਿਰਦੀ। ਦੋਹਾਂ ਨੇ ਕੁਸ਼ਲਤਾ ਨਾਲ ਯੋਗ ਸ਼ਬਦਾਂ ਦੁਆਰਾ ਪ੍ਰੋਗਰਾਮ ਦਾ ਸੰਚਾਲਨ ਕੀਤਾ।

੨ ਅਗਸਤ ਨੂੰ ਐਤਵਾਰ ਸੀ। ਅੱਜ ਵਿਸ਼ੇਸ਼ ਪ੍ਰੋਗਰਾਮ ਸੀ। ਆਸਾ ਦੀ ਵਾਰ ਦੇ ਕੀਰਤਨ ਬਾਦ ਥੋੜ੍ਹਾ ਵਕਫ਼ਾ ਪਾਇਆ ਗਿਆ ਤਾਂ ਕਿ ਐਤਵਾਰ ਨੂੰ ਆਉਣ ਵਾਲੀਆਂ ਸੰਗਤਾਂ ਵੀ ਲਾਭ ਲੈ ਸਕਣ। ਲੰਗਰ ਤੋਂ ਬਾਦ ਦੁਬਾਰਾ ਪ੍ਰੋਗਰਾਮ ੯ ਵਜੇ ਸ਼ੁਰੂ ਹੋਇਆ। ਜਥੇਦਾਰ ਇਕਬਾਲ ਸਿੰਘ ਹੋਰਾਂ ਹੱਲੇ ਦਾ ਦੀਵਾਨ ਸ਼ੁਰੂ ਕੀਤਾ। ਉਹਨਾਂ ਨੇ 'ਖਾਲਸੇ ਦੀ ਸਾਜਨਾ' ਦੇ ਵਿਸ਼ੇ ਤੇ ਦੀਵਾਨ ਲਾਇਆ ਅਤੇ ਅਨੇਕਾਂ ਪਰਮਾਣਾਂ ਅਤੇ ਧਾਰਨਾਵਾਂ ਨਾਲ ਸ਼ਿੰਗਾਰ ਕੇ ਆਪਣਾ ਵਿਆਖਿਆਨ ਰਖਿਆ। ਗੁਰੂ ਗੋਬਿੰਦ ਸਿੰਘ ਜੀ ਵਲੋਂ ਸਿੱਖੀ ਦੀ ਸਾਜਨਾ ਅਤੇ ਫੇਰ ਚਲਦੇ ਇਤਿਹਾਸ ਵਿਚ ਸਤਿਗੁਰੂ ਰਾਮ ਸਿੰਘ ਜੀ ਵਲੋਂ ਸਿੱਖੀ ਦੀ ਪੁਨਰ-ਸੁਰਜੀਤੀ ਲਈ ਸੰਨ ੧੮੫੭ ਦੀ ਵਸਾਖੀ ਦੇ ਪ੍ਰੋਗਰਾਮ ਅਤੇ ਸਤਿਗੁਰਾਂ ਦੇ ਇਤਿਹਾਸ ਨੂੰ ਉਹਨਾਂ ਬਹੁਤ ਖੂਬੀ ਨਾਲ ਰਖਿਆ। ਨਾਮਧਾਰੀ ਪੰਥ ਦੇ ਸਦਾ-ਬਹਾਰ ਪ੍ਰਚਾਰਕ ਜਥੇਦਾਰ ਸੇਵਾ ਸਿੰਘ ਜੀ ਨੇ ਇਹਨਾਂ ਉਪਰੰਤ ਦੀਵਾਨ ਸਜਾਇਆ ਅਤੇ ਉਹਨਾਂ ਨੇ 'ਨਿਰਗੁਣ ਸਰਗੁਣ' ਵਿਸ਼ੇ ਤੇ ਭਰਪੂਰ ਵਿਆਖਿਆ ਕਰਦਿਆਂ ਈਸ਼ਵਰ ਦੇ ਦੋਵਾਂ ਰੂਪਾਂ ਦੀ ਵਿਆਖਿਆ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ। ਰਸ ਏਨਾ ਸੀ ਕਿ ਜਥੇਦਾਰ ਜੀ ਨੂੰ ਕਹਿ ਕੇ ਹੋਰ ਸਮਾਂ ਵਧਾਇਆ ਗਿਆ। ਅੱਜ ਸੰਗਤ ਹੋਰ ਵੀ ਜ਼ਿਆਦਾ ਸੀ। ਐਤਵਾਰ ਕਰਕੇ ਦੂਰ-ਦੁਰਾਡੇ ਇਲਾਕਿਆਂ ਤੋਂ ਟੱਬਰਾਂ ਸਮੇਤ ਲੋਕ ਪਹੁੰਚੇ ਸਨ।

ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਬਾਦ ਹਜ਼ੂਰੀ ਰਾਗੀਆਂ ਦਾ ਕੀਰਤਨ ਹੋਇਆ, ਉਹਨਾਂ ਤਿੰਨ ਸ਼ਬਦ ਪੜ੍ਹੇ। ਬਾਦ ਵਿਚ ਫੇਰ ਬਲਵੰਤ ਸਿੰਘ ਹੋਰਾਂ ਦਾ ਸੰਤੂਰ ਵਾਦਨ ਹੋਇਆ। ਅੱਜ ਉਹਨਾਂ ਰਾਗ ਯਮਨ ਵਜਾਇਆ। ਉਸ ਬਾਦ ਭਾਸ਼ਨਾਂ ਦਾ ਪਰੋਗਰਾਮ ਸੀ। ਪਹਿਲੋਂ ਇਸ ਲੇਖਕ ਦੀ ਵਾਰੀ ਸੀ। ਮੈਂ ਰਾਮਗੜ੍ਹੀਆ ਬਰਾਦਰੀ ਦੇ ਇਸ ਦੇਸ਼ ਵਿਚਲੇ ਇਤਿਹਾਸ ਨੂੰ ਦਰਸਾਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਦ ਅਜ ਸਤਿਗੁਰੂ ਜੀ ਦੇ ਆਉਣ ਦੀ ਅਹਿਮੀਅਤ ਦੀ ਗੱਲ ਕੀਤੀ। ਰਾਮਗੜ੍ਹੀਆ ਸਭਾ ਦੇ ਬਜ਼ੁਰਗਾਂ ਅਤੇ ਨੌਜਵਾਨਾਂ ਵਲੋਂ ਵਿਸਾਖੀ ੩੦੦ ਮਨਾਉਣ ਦੇ ਪ੍ਰੋਗਰਾਮ ਵਿਚ ਆਪਸੀ ਏਕਤਾ ਦਾ ਬੀਜ ਬੀਜਣ ਨੂੰ ਮਹੱਤਵਪੂਰਨ ਦਸਿਆ। ਸੰਗੀਤ ਦੀ ਮਹਾਨਤਾ ਦਰਸਾਉਂਦਿਆਂ ਕਿਹਾ ਕਿ ਜਿਵੇਂ



Sri Satguru Jagjit Singh Ji eLibrary NamdhariElibrary@gmail.com

ਕਲਾਕਾਰ ਸਾਜ਼ ਦੀਆ ਤਾਰਾਂ, ਸੁਰਾਂ ਨੂੰ ਮਿਲਾ ਕੇ ਹੀ ਸੰਗੀਤ ਪੈਦਾ ਕਰਦੇ ਹਨ ਇਵੇਂ ਸਤਿਗੁਰੂ ਜੀ ਦਿਲਾਂ ਨੂੰ ਮਿਲਾਂਦੇ ਹਨ। ਅੰਤ ਉਤੇ ਮੈਂ ਨੌਜਵਾਨ ਆਯੋਜਕਾਂ ਨੂੰ ਇਸ ਢੰਗ ਨਾਲ ਖਾਲਸੇ ਦੀ ਤੀਸਰੀ ਜਨਮ ਸ਼ਤਾਬਦੀ ਮਨਾਉਣ ਵਾਸਤੇ ਵਧਾਈ ਦਿਤੀ ਅਤੇ ਆਪਣੇ ਆਪ ਨੂੰ ਇਸ ਅਵਸਰ ਤੇ ਹਾਜ਼ਰ ਹੋਣ ਲਈ ਵਡਭਾਗੀ ਕਿਹਾ। ਮੇਰੇ ਸਾਹਮਣੇ ਬੈਠੀ ਸੰਗਤ ਵਲੋਂ ਸਿਰ ਹਿਲਾ ਹਿਲਾ ਕੇ ਮੇਰੀ ਗੱਲ ਦਾ ਹੁੰਗਾਰਾ ਦਿਤਾ ਜਿਸ ਨਾਲ ਮੇਰਾ ਹੌਸਲਾ ਬਣਿਆ ਰਿਹਾ।

ਇਸਤੋਂ ਬਾਦ ਸ. ਹਰਵਿੰਦਰ ਸਿੰਘ ਹੰਸਪਾਲ ਸਾਬਕਾ ਐਮ.ਪੀ. ਸਾਹਿਬ ਦਾ ਭਾਸ਼ਨ ਹੋਇਆ। ਉਹਨਾਂ ਨੇ ਵਿਸਥਾਰ ਨਾਲ ਅੱਜ ਦੇ ਦਿਨ ਦੀ ਮਹੱਤਤਾ ਤੇ ਚਾਨਣ ਪਾਇਆ। ਕੇਸਾਂ ਦੀ ਮਹਾਨਤਾ ਉਤੇ ਉਹਨਾਂ ਜ਼ੋਰ ਦਿਤਾ। ਉਹਨਾਂ ਇਤਿਹਾਸਕ ਪਰਮਾਨਾਂ ਨਾਲ ਸਿੱਖਾਂ ਵਿਚ ਪਾੜ ਪਾਉਣ ਦੀਆਂ ਅੰਗਰੇਜ਼ ਦੀਆਂ ਚਾਲਾਂ ਦਾ ਵੀ ਜ਼ਿਕਰ ਕੀਤਾ ਅੰਤ ਉਤੇ ਰਾਮਗੜ੍ਹੀਆ ਸਭਾ ਵਲੋਂ ਅੱਜ ਦੇ ਯਾਦਗਾਰੀ ਸਮਾਗਮ ਦੇ ਆਯੋਜਨ ਦੀ ਭਰਪੂਰ ਸ਼ਬਦਾਂ ਨਾਲ ਸ਼ਲਾਘਾ ਕੀਤੀ। ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਉਪਕਾਰਾਂ ਦਾ ਭਰਪੂਰ ਵਰਨਣ ਕੀਤਾ। "ਵਿਸਾਖੀ ੩੦੦" ਦੇ ਪਰਧਾਨ ਸ. ਅਮਰਜੀਤ ਸਿੰਘ ਗਹੀਰ ਅਤੇ ਸਕੱਤਰ ਸ. ਸੋਹਨ ਸਿੰਘ ਹੋਰਾਂ ਸਤਿਗੁਰੂ ਜੀ ਦੀ ਭਰਪੂਰ ਸ਼ਬਦਾਂ ਵਿਚ ਸੁਆਗਤ ਕਰਦਿਆਂ 'ਕੂਕਾ ਮੂਵਮੈਂਟ' ਦਾ ਆਜ਼ਾਦੀ ਸੰਗਰਾਮ ਵਾਸਤੇ ਅਤੇ ਸਿੱਖ ਧਰਮ ਦੀ ਪ੍ਰਤਿਪਾਲਣਾ ਅਤੇ ਸੰਗੀਤ ਦੇ ਵਿਕਾਸ ਲਈ ਉਚੇਚਾ ਜ਼ਿਕਰ ਕੀਤਾ।

ਸਤਿਗੁਰੂ ਜੀ ਦੇ ਸਨਮਾਨ ਵਿਚ ਉਹਨਾਂ ਸ਼ਾਲ ਅਤੇ ਹੋਰ ਸਾਮਗਰੀ ਸਹਿਤ ਮਾਇਕ ਭੇਟਾ ਵੀ ਧਰੀ। ਸਤਿਗੁਰੂ ਜੀ ਨਾਲ ਗਏ ਵਿਅਕਤੀਆਂ ਨੂੰ ਸਤਿਗੁਰੂ ਜੀ ਦੇ ਪਾਵਨ ਹਸਤ ਕਮਲਾਂ ਦੁਆਰਾ ਸਿਰੋਪੇ ਭੇਟ ਕੀਤੇ ਗਏ। ਸਤਿਗੁਰੂ ਜੀ ਨੇ ਹਜ਼ੂਰੀ ਰਾਗੀਆਂ ਅਤੇ ਗ੍ਰੰਥੀ ਸਿੰਘਾਂ ਨੂੰ ਵੀ ਸਨਮਾਨਿਤ ਕੀਤਾ। "ਵਿਸਾਖੀ ੩੦੦' ਦੇ ਪਰਬੰਧਕਾਂ ਨੂੰ ਵੀ ਸਨਮਾਨਿਤ ਕੀਤਾ। ਸਤਿਗੁਰੂ ਜੀ ਨੂੰ ਜੋ ਮਾਇਆ ਸੰਗਤਾਂ ਨੇ ਦਰਸ਼ਨ ਭੇਟ ਵਜੋਂ ਹਾਜ਼ਰ ਕੀਤੀ ਅਤੇ ਜੋ ਮਾਇਆ ਸਿਰੋਪਾਵਾਂ ਦੇ ਨਾਲ ਦਿਤੀ ਗਈ ਸਾਰੀ ਹੀ ਦਰਬਾਰ ਸਾਹਿਬ ਅਗੇ ਅਰਪਿਤ ਕਰ ਦਿਤੀ ਗਈ। ਹੋਰ ਵੀ ਮਾਇਆ ਸਤਿਗੁਰੂ ਜੀ ਵਲੋਂ ਭੇਟ ਕੀਤੀ ਗਈ ਅਤੇ ਅੰਤ ਉਤੇ ਸਤਿਗੁਰੂ ਜੀ ਨੂੰ ਪਰਵਚਨਾਂ ਦੀ ਬੇਨਤੀ ਕੀਤੀ ਗਈ।

ਸਤਿਗੁਰੂ ਜੀ ਨੇ ਆਪਣੇ ਭਾਸ਼ਨ ਵਿਚ ਫੁਰਮਾਇਆ ਕਿ ਮੈਂ ਬਹੁਤੀਆਂ ਗੱਲਾਂ ਨਹੀਂ ਕਰਨੀਆਂ ਸਿਰਫ ਇਕੋ ਗੱਲ ਹੈ। ਇਹ ਇਕੋ ਗੱਲ ਉਹ ਹੈ ਜਿਸ ਬਾਰੇ ਬਾਣੀ ਵਿਚ ਕਿਹਾ ਹੈ, "ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥"

ਨਾਮ ਦਾ ਸਿਮਰਨ ਕਰੋ ਤੇ ਸਤਿਗੁਰਾਂ ਦੇ ਹੁਕਮਾਂ ਤੇ ਚੱਲੋ, ਚਿੰਤਨ ਕਰੋ ਅਰਦਾਸ ਕਰੋ ਸਤਿਗੁਰਾਂ ਦੇ ਦਰਸ਼ਨ ਹੋਣ। ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਹੋਵੇ। ਸਭ ਤੋਂ ਵੱਡੀ ਚੀਜ਼ ਦਰਸ਼ਨ ਹੁੰਦੀ ਹੈ—

ਸਤਿਗੁਰ ਮੂਰਤਿ ਕਉ ਬਲਿ ਜਾਉ ॥
ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ
ਸਫਲ ਦਰਸਨੁ ਕਦਿ ਪਾਂਉ ॥

ਗਿਆਨੀ ਜੀ (ਰਾਗੀ ਸਿੰਘ) ਨੇ ਸ਼ਬਦ ਸੁਣਾਏ ਹਨ। ਕੀਰਤਨ ਦੀ ਸੇਵਾ ਕਰਦੇ ਹਨ। ਕਾਨੜੇ ਚੋਂ ਸ਼ਬਦ ਸੁਣਾਇਆ ਹੈ। ਮੇਰਾ ਜੀ ਕਰਦਾ ਹੈ ਕਿ ਕੋਈ ਸਰੀਰ ਇਥੇ ਹੋਣ ਜਿਹੜੇ ਇਹ ਕੋਸ਼ਿਸ਼ ਕਰਨ ਕਿ ਜਿੰਨੇ ਬੱਚੇ ਸਾਡੇ ਸਿੱਖਾਂ ਦੇ ਨੇ ਉਹਨਾਂ ਨੂੰ ਕੁਝ ਨਾ ਕੁਝ ਰਾਗ ਜਰੂਰ ਆਵੇ। ਸਾਰੀ ਬਾਣੀ ਸਤਿਗੁਰਾਂ ਨੇ ਰਾਗਾਂ ਵਿਚ ਲਿਖੀ ਹੈ ਅਤੇ ਨਾਲ ਇਹ ਹੁਕਮ ਦਿਤਾ ਹੈ ਕਿ—

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥

ਇਹੀ ਬੇਨਤੀ ਕਰਾਂਗਾ ਕਿ ਬਾਣੀ ਪੜ੍ਹੋ ਜਿਹੜੀ ਨਾਮ ਦੇ ਗੁਣਾਂ ਦਾ ਪਰਚਾਰ ਕਰਦੀ ਹੈ ਅਤੇ ਤਗੜੇ ਹੋ ਕੇ ਨਾਮ ਜਪੋ:

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥

ਇਹ ਹੀ ਅਰਜ ਕਰਕੇ ਮੈਂ ਆਗਿਆ ਲਵਾਂਗਾ।

ਸਤਿਗੁਰੂ ਜੀ ਨੂੰ ਵਿਦਾ ਕਰਨ ਵੇਲੇ ਅਦਭੁਤ ਨਜ਼ਾਰਾ ਸੀ। ਦਰਸ਼ਨ ਅਤੇ ਨਮਸਕਾਰ ਕਰਨ ਵਾਲਿਆਂ ਦੀ ਭੀੜ ਦਾ ਤਾਂਤਾ ਲਗ ਗਿਆ। ਵੀਡੀਓ ਕੈਮਰਿਆਂ ਅਤੇ ਸਟਿਲ ਫੋਟੋਗਰਾਫਰਾਂ ਦੇ ਤਗੜੇ ਹਜੂਮ ਨੇ ਲਾਈਟਾਂ ਸੁਟ ਸੁਟ ਕੇ ਕਲਿਕ ਕਲਿਕ ਕਰਕੇ ਇਸ ਸਮੇਂ ਨੂੰ ਸਾਂਭਿਆ। ਲਗਦਾ ਸੀ ਸਾਰੀ ਨੈਰੋਬੀ ਸ੍ਰੀ ਚਰਨਾਂ ਤੇ ਆ ਪਈ ਹੈ। ਸਤਿਗੁਰੂ ਜੀ ਮੁਸਕਾਨਾਂ ਬਖੇਰਦੇ ਸਭ ਨੂੰ ਆਸ਼ੀਰਵਾਦ ਦੇ ਰਹੇ ਸਨ। ਸਭ ਤੋਂ ਮਾਨ ਅਤੇ ਫਖਰ ਨਾਲ "ਵੈਸਾਖੀ ੩੦੦" ਦੇ ਪਰਧਾਨ, ਸਕੱਤਰ ਅਤੇ ਹੋਰ ਮੈਂਬਰ ਅਤੇ ਸੂਬਾ ਸਤਿਨਾਮ ਸਿੰਘ ਜੀ ਦੇ ਸਹਿਯੋਗੀ ਸਨ ਜਿਨ੍ਹਾਂ ਦੀਆਂ ਭਾਵਨਾਵਾਂ ਨੂੰ ਫਲ ਲਗੇ ਸਨ ਅਤੇ ਪ੍ਰੋਗਰਾਮ ਅਪਾਰ ਸਫਲਤਾ ਦੀ ਸਿਖਰ



Sri Satguru Jagjit Singh Ji eLibrary NamdhariElibrary@gmail.com

ਸੰਪੂਰਨ ਹੋਇਆ। ਮੇਰੇ ਵਰਗਿਆਂ ਵਾਸਤੇ ਇਹ ਜੀਵਨ ਭਰ ਯਾਦ ਰਹਿਣ ਵਾਲਾ ਅਵਸਰ ਸੀ।

## ਕੁਸੁਮੋ ਸ਼ਹਿਰ ਨੂੰ

ਤਿੰਨ ਅਗਸਤ ਨੂੰ ਮੂੰਹ ਹਨੇਰੇ ਹੀ ਅਸੀਂ ਸਫ਼ਰ ਤੇ ਸਾਂ। ਅੱਜ ਕੁਸੁਮੋ ਸ਼ਹਿਰ ਪਹੁੰਚਣਾ ਸੀ ਅਤੇ ਅਗਲੇ 'ਦਿਨ ਉਥੋਂ 'ਮਸਾਈਮਾਰਾ' ਜੰਗਲੀ ਜੀਵਾਂ ਦੀ ਰੱਖ ਵੇਖਣ ਜਾਣਾ ਸੀ। ਕੁਸੁਮੋ ਇਥੋਂ ਦਾ ਅਹਿਮ ਸ਼ਹਿਰ ਹੈ। ਪ੍ਰਬੰਧਕਾਂ ਨੇ ਬੜੇ ਧਿਆਨ ਨਾਲ ਅਤੇ ਮਿਹਨਤ ਨਾਲ ਕੰਪਿਊਟਰ ਦੀ ਸਹਾਇਤਾ ਨਾਲ ਵੱਖ ਵੱਖ ਕਾਰਾਂ ਗਡੀਆਂ ਵਿਚ ਬੈਠਣ ਵਾਲੀਆਂ ਸਵਾਰੀਆਂ ਦੀ ਲਿਸਟ ਬਣਾਈ ਹੋਈ ਸੀ। ਪ੍ਰੋਗਰਾਮ ਇਹ ਸੀ ਕਿ ਭਾਰਤ ਤੋਂ ਆਈਆਂ ਸੰਗਤਾਂ ਅਤੇ ਉਹਨਾਂ ਨੂੰ ਲਿਜਾਣ ਵਾਲੇ ਕੁਸੁਮੋ ਜਾਣਗੇ ਅਤੇ ਨੈਰੋਬੀ ਦੀਆਂ ਬਾਕੀ ਸੰਗਤਾਂ ਅਗਲੇ ਦਿਨ 'ਮਸਾਈਮਾਰਾ ਰੱਖ' ਨੂੰ ਸਿੱਧੀਆਂ ਜਾਣਗੀਆਂ ਜਿਥੇ ਦੋਵੇਂ ਗਰੁਪ ਇਕੱਠੇ ਹੋ ਜਾਣਗੇ। ਸਤਿਗੁਰੂ ਜੀ ਕੁਝ ਸਿੰਘਾਂ ਨਾਲ ਹਵਾਈ ਜਹਾਜ਼ ਤੇ ਜਾਣਾ ਸੀ। ਸਵੇਰੇ ਸਵੇਰੇ ਲੰਗਰ ਛਕ ਕੇ ਅਤੇ ਸਫ਼ਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਕੇ ਅਸੀਂ ਚੱਲ ਪਏ ਸਾਂ। ਨੈਰੋਬੀ ਤੋਂ ਨਿਕਲਦਿਆਂ ਹੀ ਸੜਕ ਸਾਫ ਸੀ ਅਤੇ ਸੂਰਜ ਨਿਕਲਣਾ ਸ਼ੁਰੂ ਹੋ ਗਿਆ ਸੀ। ਬਹੁਤ ਸੁਹਾਵਣੇ ਮੌਸਮ ਵਿਚ ਸਫ਼ਰ ਕਰਨਾ ਬਹੁਤ ਚੰਗਾ ਲਗ ਰਿਹਾ ਸੀ। ਉਂਝ ਵੀ ਜਦੋਂ ਸ਼ਹਿਰ ਛੱਡ ਕੇ ਬਾਹਰ ਸਫ਼ਰ ਵਲ ਨੂੰ ਪੈਂਦੇ ਤਾਂ ਯਾਤਰਾ ਦਾ ਅਨੰਦ ਆਉਂਦਾ ਹੀ ਸੀ। ਕੀਨੀਆ ਦਾ ਇਹ ਪਾਸਾ ਹਰਿਆ-ਭਰਿਆ ਸੀ। ਰਾਹ ਵਿਚ 'ਕੌਫ਼ੀ' ਦੇ ਬਾਗ ਵੀ ਆਏ ਅਤੇ ਅੰਤਲੇ ਪੜਾਅ ਤੇ ਤਾਂ ਇਵੇਂ ਹੀ ਲੱਗੇ ਜਿਵੇਂ ਪੰਜਾਬ ਵਿਚ ਫਿਰ ਰਹੇ ਹਾਂ। ਸਾਡੀ ਗੱਡੀ ਗੁਰਚਰਨ ਸਿੰਘ ਚਲਾ ਰਿਹਾ ਸੀ। ਗੁਰਚਰਨ ਛੋਟੀ ਦਾੜ੍ਹੀ ਵਾਲਾ ਯੁਵਕ ਹੈ। ਸੂਬਾ ਸਤਿਨਾਮ ਸਿੰਘ ਜੀ ਦੇ ਪਰਿਵਾਰ 'ਚੋਂ ਸਭ ਤੋਂ ਵੱਡੇ ਭਰਾ ਸੁਰਿੰਦਰ ਸਿੰਘ ਹੋਰਾਂ ਦਾ ਛੋਟਾ ਸਪੁੱਤਰ। ਗੁਰਚਰਨ ਦੀ ਮਾਤਾ ਕੁਲਦੀਪ ਕੌਰ ਸੰਤ ਲਛਮਣ ਸਿੰਘ ਫਗਵਾੜਾ ਦੀ ਸਪੁਤਰੀ ਹੈ, ਜਿਸ ਨੂੰ ਮੈਂ ਛੋਟੀ ਹੁੰਦੀ ਤੋਂ ਹੀ ਜਾਣਦਾ ਹਾਂ। ਗੁਰਚਰਨ ਸੁਭਾਅ ਦਾ ਧੀਰਾ ਅਤੇ ਸਾਡਾ ਖਿਆਲ ਰੱਖਣ ਵਾਲਾ ਜਵਾਨ ਸੀ। ਅੰਗਰੇਜ਼ੀ ਵਿਚ ਜਿਸ ਨੂੰ ਸਮਾਰਟ ਕਿਹਾ ਜਾਂਦਾ ਹੈ। ਸਾਡੀ ਗੱਡੀ ਵਿਚ ਹੀ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ ਵੀ ਸਨ, ਜਿਨ੍ਹਾਂ ਨਾਲ ਸਫ਼ਰ ਦਾ ਅਨੰਦ ਆਉਂਦਾ ਹੀ ਹੈ। ਹਰਬੰਸ ਸਿੰਘ ਘੁੱਲਾ ਜਿਥੇ ਰਾਗ ਵਿਦਿਆ ਵਿਚ ਮਾਹਰ ਰਾਗੀ ਹਨ, ਉਥੇ ਸੁਭਾਅ ਵਲੋਂ ਬਹੁਤ ਨਰਮ ਅਤੇ ਧੀਰਜਵਾਨ ਪੁਰਖ ਹਨ, ਸੰਤ ਹਨ। ਕਿਸੇ ਵੇਲੇ ਮਾਲਾ ਫੇਰ ਕੇ ਭਜਨ ਕਰਦੇ ਰਹਿਣ ਵਾਲੇ, ਕਿਸੇ ਵੇਲੇ ਗੁਟਕੇ ਤੋਂ ਗੁਰਬਾਣੀ ਦਾ ਪਾਠ ਕਰਦੇ ਰਹਿਣ ਵਾਲੇ। ਨਾ ਕੋਈ ਫਾਲਤੂ ਗੱਲ ਕਰਨੀ ਨਾ ਖਾਣਾ-ਪੀਣਾ। ਆਪਣੀ ਰਹਿਤ-ਬਹਿਤ ਵਿਚ ਪੱਕੇ। ਸਰਬਸ਼ਕਤੀਮਾਨ ਸਿੰਘ ਤਾਂ ਸਾਡੇ ਸਾਥੀ ਹੈ ਹੀ ਸਨ। ਕੈਮਰੇ ਅਤੇ ਟੇਪ ਰਿਕਾਰਡਰ ਨਾਲ ਦੌਰੇ ਦੇ ਵੇਰਵੇ ਉਹ ਆਪਣੀ ਰਿਪੋਟ ਵਾਸਤੇ ਸਾਂਭ ਰਹੇ ਸਣ। ਸਾਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਕੁਸੁਮੋ ਕਦੋਂ ਆਉਣਾ ਹੈ..ਦੁਪਹਿਰ ਤਕ ਦਾ ਅੰਦਾਜ਼ਾ ਸੀ। ਰਾਹ ਵਿਚ ਕੁਝ ਝੀਲਾਂ ਆਈਆਂ। ਅਸੀਂ ਰੁਕ ਕੇ ਉਹਨਾਂ ਨੂੰ ਵੇਖਿਆ ਵੀ ਤੇ ਫੇਰ ਚੱਲ ਪਏ। ਇਕ ਦਾ ਨਾਂਅ ਸੀ ਨਾਈਵਾਸ਼ਾ ਲੇਕ, ਦੂਜੀ ਸੀ ਐਲਮਨਟਾਈਟਾ ਲੇਕ ਅਤੇ ਤੀਸਰੀ ਸੀ ਨਕੂਰੋ ਲੇਕ। ਨਕੂਰੋ ਲੇਕ ਇਸੇ ਨਾਮ ਦੇ ਸ਼ਹਿਰ ਨਾਲ ਸੰਬੰਧਤ ਹੈ। ਅਸੀਂ ਨਕੂਰੋ ਸ਼ਹਿਰ 'ਚੋਂ ਲੰਘ ਰਹੇ ਸੀ ਤਾਂ ਉਥੇ ਚੋਕ ਵਿਚ ਖੜ੍ਹਾ ਇਕ ਸਿੱਖ ਸਰਦਾਰ ਵੇਖਿਆ। ਉਸ ਨੂੰ ਵੇਖ ਕੇ ਗੱਲਾਂਬਾਤਾਂ ਇਹ ਚੱਲ ਪਈਆਂ ਕਿ "ਕਿਤੇ ਚਲੇ ਜਾਓ ਓਥੇ ਸਰਦਾਰ ਜੀ ਜ਼ਰੂਰ ਲੱਭ ਪੈਣਗੇ!" ਇਹ ਗੱਲ ਸੁਣ ਕੇ ਗੱਡੀ-ਚਾਲਕ ਗੁਰਚਰਨ ਨੂੰ ਕੁਝ ਯਾਦ ਆ ਗਿਆ—"ਓ-ਹੋ! ਅਸਾਂ ਤਾਂ ਇਥੇ ਰੁਕਣਾ ਸੀ!!" ਉਸ ਝੱਟ ਗੱਡੀ ਵਾਪਸ ਮੋੜ ਲਈ; ਮੋਬਾਈਲ ਟੈਲੀਫੋਨ ਤੇ ਦੂਜੀਆਂ ਗੱਡੀਆਂ ਨਾਲ ਸੰਪਰਕ ਕੀਤਾ ਤੇ ਵਾਪਸ ਹੋਏ। ਚੌਕ ਵਿਚ ਖੜ੍ਹੇ ਸਰਦਾਰ ਜੀ ਦਰਅਸਲ ਸਾਨੂੰ ਹੀ ਉਡੀਕ ਰਹੇ ਸਨ! ਅਤੇ ਉਹ ਆਪਣੀ ਗੱਡੀ ਅੱਗੇ ਲਾ ਕੇ ਸਾਨੂੰ ਲੈ ਗਏ ਇਕ ਘਰ ਵਿਚ ਜਿਥੇ ਜਲ-ਪਾਣ ਦਾ ਪ੍ਰਬੰਧ ਕੀਤਾ ਗਿਆ ਸੀ। ਘਰ ਦੇ ਸਾਰ ਪਰਿਵਾਰ ਅਤੇ ਮਿੱਤਰਚਾਰੇ ਨੇ ਸਾਡਾ ਸਵਾਗਤ ਕੀਤਾ। ਠੰਡਾ ਤੱਤਾ ਹਰ ਪ੍ਰਕਾਰ ਦੀ ਛਕਣ ਸਮੱਗਰੀ ਹਾਜ਼ਰ ਸੀ। ਕਿਸੇ ਨੇ ਜਲ ਵਰਤਿਆ ਕਿਸੇ ਨੇ ਛੱਕਿਆ, ਬਹੁਤਾ ਆਰਾਮ ਕੀਤਾ। ਗੱਲਾਂਬਾਤਾਂ ਵਿਚ ਹੀ ਘਰ ਵਾਲੇ ਸਿੰਘਾਂ ਨਾਲ ਵਾਕਫ਼ੀ ਦੀ ਤੰਦ ਮਿਲ ਗਈ। ਸ. ਰਣਜੀਤ ਸਿੰਘ ਭਮਰਾ, ਗੁਰਮੀਤ ਸਿੰਘ ਮਰਵਾਹਾ ਬੰਗੇ ਤੋਂ, ਹਰਵਿੰਦਰ ਸਿੰਘ ਬਾਂਸਲ ਉਹਨਾਂ ਨਾਮ ਦੱਸੇ। ਇਨ੍ਹਾਂ ਦੀ ਇਥੇ ਮੋਟਰਮਕੈਨਿਕੀ ਦੀ ਤਕੜੀ ਵਰਕਸ਼ਾਪ ਹੈ। ਮੇਰੇ ਮਾਮਾ ਜੀ ਸ. ਸਰੈਣ ਸਿੰਘ ਜਲੰਧਰ ਦੀ ਬੈਟਰੀਆਂ ਦੀ ਦੁਕਾਨ ਤੇ ਕੁਝ ਚਿਰ ਰਣਜੀਤ ਸਿੰਘ ਹੋਰਾਂ ਕੰਮ ਕੀਤਾ ਸੀ। ਮੈਂ ਵੀ ਇਹ ਕੰਮ ਕਰਦਾ



Sri Satguru Jagjit Singh Ji eLibrary NamdhariElibrary@gmail.com

ਰਿਹਾ ਸਾਂ ਕਿਸੇ ਵੇਲੇ। ਖ਼ੈਰ, ਉਹਨਾਂ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਭਾਰਤ ਤੋਂ ਆਈਆਂ ਸੰਗਤਾਂ ਦਾ ਉਹਨਾਂ ਬਹੁਤ ਨਿੱਘ ਨਾਲ ਸੁਆਗਤ ਕੀਤਾ ਸੀ...ਸਾਨੂੰ ਉਸ ਤੋਂ ਵੀ ਵਧ ਖੁਸ਼ੀ ਸੀ !

ਨੁਕੂਰੋ ਤੋਂ ਵਿਦਾ ਹੋ ਕੇ ਸਫਰ ਮੁੜ ਸ਼ੁਰੂ ਹੋਇਆ ਗਰਮੀ ਵਧ ਰਹੀ ਸੀ। ਅਸੀਂ ਭੂ ਮਧ ਰੇਖਾ ਦੇ ਨੇੜੇ ਤਕ ਜਾ ਰਹੇ ਸਾਂ। ਰਾਹ ਵਿਚ ਇਕ ਦੋ ਜਗ੍ਹਾ ਤੇ ਖੜੇ ਹੋਏ। ਇਥੇ ਮੱਕੀ ਦੀਆਂ ਛੱਲੀਆਂ ਬਹੁਤ ਸਨ ਅਤੇ ਭੁੱਜੀਆਂ ਛੱਲੀਆਂ ਵੇਚਣ ਵਾਲੇ ਵੀ। ਇਵੇਂ ਲਗਦਾ ਸੀ ਜਿਵੇਂ ਪੰਜਾਬ ਦੇ ਖੇਤਾਂ 'ਚੋਂ ਜਾ ਰਹੇ ਹੋਈਏ ਅਤੇ ਦੁਪਹਿਰ ਬਾਦ ਕੁਸੁਮੋ ਸ਼ਹਿਰ ਆ ਗਿਆ। ਖੁਲ੍ਹਾ ਡੁੱਲ੍ਹਾ ਵਾਤਾਵਰਨ ਅਤੇ ਮੌਸਮ ਗਰਮੀ ਵਾਲਾ।

ਸਤਿਗੁਰੂ ਜੀ ਤਾਂ ਪਹਿਲਾਂ ਹੀ ਪਹੁੰਚ ਚੁਕੇ ਸਨ। ਸੂਬਾ ਸਤਵਿੰਦਰ ਸਿੰਘ ਹੋਰਾਂ ਦੇ ਘਰ ਸਾਨੂੰ ਲੰਗਰ ਛਕਾਇਆ ਗਿਆ ਅਤੇ ਸਾਡਾ ਡੇਰਾ ਇਕ ਬਹੁਤ ਹੀ ਵਿਸ਼ਾਲ ਇਮਾਰਤ ਵਿਚ ਲਵਾਇਆ ਗਿਆ। ਦੋ ਮੰਜ਼ਲਾ ਇਹ ਘਰ ਸ. ਅਵਤਾਰ ਸਿੰਘ ਹੋਰਾਂ ਦਾ ਸੀ। ਮਹੱਲ ਵਰਗੇ ਇਸ ਘਰ ਵਿਚ ਕਈ ਕਮਰੇ ਸਨ ਨਾਲ ਇਸ਼ਨਾਨ ਘਰ ਅਤੇ ਸ਼ੌਚਾਲਿਆ ਸਨ ਵਖਰੇ ਵਖਰੇ। ਨੌਕਰ ਚਾਕਰ ਕਪੜੇ ਧੋਣ ਅਤੇ ਪਰੈਸ ਕਰਨ ਵਾਸਤੇ ਸਨ।

ਸਾਨੂੰ ਸ. ਹਰਵਿੰਦਰ ਸਿੰਘ ਹੰਸਪਾਲ ਹੋਰਾਂ ਦਸਿਆ ਕਿ ਇਥੇ ਅਫਰੀਕਾ ਦੀ ਮਸ਼ਹੂਰ ਝੀਲ ਲੇਕ ਵਿਕਟੋਰੀਆ ਵੀ ਹੈ ਜਿਹੜੀ ਏਡੀ ਵਿਸ਼ਾਲ ਹੈ ਕਿ ਤਿੰਨ ਦੇਸ਼ਾਂ ਦੀਆਂ ਸਰਹੱਦਾਂ ਨੂੰ ਛੂਹੰਦੀ ਹੈ। ਬਾਕੀ ਕਈਆਂ ਹੋਰਾਂ ਦੀ ਮਰਜ਼ੀ ਵੀ ਇਥੇ ਜਾਣ ਦੀ ਸੀ ਪਰ ਅਸੀਂ ਛੇ ਸਰੀਰ ਹੀ ਇਹ ਵੇਖਣ ਜਾ ਸਕੇ। ਸ. ਹੰਸਪਾਲ, ਸ. ਅਵਤਾਰ ਸਿੰਘ, ਸ੍ਰੀਮਤੀ ਅਵਤਾਰ ਸਿੰਘ, ਸਰਬ ਸ਼ਕਤੀਮਾਨ, ਗੁਰਚਰਨ ਸਿੰਘ ਅਤੇ ਦਾਸ। ਗੁਰਚਰਨ ਸਿੰਘ ਨੇ ਸ. ਕੁਕੂ ਦੇ ਰੈਫਰੈਂਸ ਨਾਲ ਕਲੱਬ ਦੇ ਅੰਦਰ ਦਾਖਲਾ ਲਿਆ ਅਤੇ ਸਮੁੰਦਰ ਵਰਗੀ ਝੀਲ ਦੇ ਕਿਨਾਰੇ ਤੇ ਸੀ। ਆਲੇ-ਦੁਆਲੇ ਬੈਠਣ ਲਈ ਥਾਵਾਂ ਸਨ ਘਾਹ ਸੀ ਅਤੇ ਪਾਣੀ ਹੀ ਪਾਣੀ ਸੀ। ਅਸੀਂ ਕੁਝ ਸਮਾਂ ਇਥੇ ਬੈਠੇ ਬਚਨ ਬਿਲਾਸ ਕਰਦੇ ਰਹੇ ਅਤੇ ਫੇਰ ਬਾਰਸ਼ ਆ ਗਈ।

ਸ਼ਾਮ ਦਾ ਦੀਵਾਨ ਇੰਡਸਟਰੀਅਲ ਏਰੀਆ ਵਿਚ ਸੂਬਾ ਜੀ ਦੀ ਵਰਕਸ਼ਾਪ ਵਿਚ ਸੀ। ਉਹਨਾਂ ਬੜੀ ਰੀਝ ਨਾਲ ਸਤਿਗੁਰੂ ਜੀ ਦੇ ਬੈਠਣ ਵਾਸਤੇ ਇਕ ਰੱਥ ਨੁਮਾ ਪਾਲਕੀ ਤਿਆਰ ਕੀਤੀ ਹੋਈ ਸੀ। ਸ਼ਾਮ ਦੇ ਦੀਵਾਨ ਸਮੇਂ ਬਹੁਤ ਬਾਰਸ਼ ਸ਼ੁਰੂ ਹੋ ਗਈ ਪਰ ਹੌਲੀ ਹੌਲੀ ਇਹ ਰੁਕ ਗਈ ਅਤੇ ਸੰਗਤਾਂ ਦੀ ਆਮਦ ਸ਼ੁਰੂ ਹੋਈ। ਇਕ ਘੰਟੇ ਦਾ ਨਿਤਨੇਮ ਸੀ। ਕੀਰਤਨ ਸਮੇਂ ਪਰਬੰਧਕਾਂ ਨੇ ਸਤਿਗੁਰੂ ਜੀ ਤੋਂ ਆਗਿਆ ਲਈ ਕਿ ਦਿੱਲੀ ਤੋਂ ਇਕ ਰਾਗੀ ਜਥਾ ਆਇਆ ਹੈ ਉਹਨਾਂ ਨੂੰ ਵਕਤ ਦਿਤਾ ਜਾਵੇ। ਸਤਿਗੁਰੂ ਜੀ ਨੇ ਆਗਿਆ ਦਿਤੀ ਪਰ ਨਾਮਧਾਰੀ ਰਾਗੀਆਂ ਦੀ ਥਾਂ ਤੇ। ਇਸ ਤਰ੍ਹਾਂ ਭਾਈ ਪ੍ਰੀਤਮ ਸਿੰਘ ਰਾਣੀ ਬਾਗ਼ ਦਿੱਲੀ ਵਾਲਿਆਂ ਕੀਰਤਨ ਕੀਤਾ।

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥

ਰਾਗੀ ਸਿੰਘਾਂ ਨੇ ਥੋਹੜੀ ਵਿਆਖਿਆ ਵੀ ਕੀਤੀ। "ਸਤਿਗੁਰੂ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ। ਮੱਥਾ ਟੇਕਣ ਦਾ ਮਤਲਬ ਆਪਣੀ ਮਤ ਗੁਰੂ ਦੇ ਚਰਨਾਂ ਵਿਚ ਅਰਪਿਤ ਕਰ ਦੇਈਏ। ਗੁਰੂ ਦੀ ਮਤ ਲੈਣੀ ਹੈ।" ਇਸ਼ ਤੋਂ ਬਾਦ ਜਥੇਦਾਰ ਸੇਵਾ ਸਿੰਘ ਦਿੱਲੀ ਵਾਲਿਆਂ ਨੇ ਇਕਾਗਰ ਚਿਤ ਹੋ ਕੇ ਕਥਾ ਕੀਤੀ। ਉਹਨਾ ਦੀ ਕਥਾ ਵਿਆਖਿਆ ਅਤੇ ਫਲਸਫਾ ਮੁਖੀ ਸੀ ਜਿਸ ਨੇ ਬਹੁਤ ਪ੍ਰਭਾਵ ਪਾਇਆ।

ਅਗਲੇ ਦਿਨ ਜਦੋਂ ਅਸੀਂ ਤਿਆਰ ਹੋ ਕੇ ਸੂਬਾ ਜੀ ਦੇ ਘਰ ਆਸਾ ਦੀ ਵਾਰ ਦੇ ਕੀਰਤਨ 'ਚ ਪਹੁੰਚੇ ਤਾਂ ਸਾਨੂੰ ਇਸ਼ਾਰਾ ਹੋ ਗਿਆ, "ਲੰਗਰ ਪਾਣੀ ਛੱਕੋ ਅਤੇ ਗੱਡੀਆਂ ਵਿਚ ਬੈਠ ਕੇ ਮਸਾਈਮਾਰਾ ਵਾਸਤੇ ਕੂਚ ਕਰੋ।"

## ਮਸਾਈਮਾਰਾ ਨੂੰ ਕੂਚ

ਕੁਸੁਮੋ ਤੋਂ ਮਸਾਈਮਾਰਾ ਦਾ ਸਫਰ ਅੰਦਾਜ਼ੇ ਤੋਂ ਵੱਧ ਸੀ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਸੜਕ ਛੱਡ ਕੇ ਜੰਗਲੀ ਰਸਤਾ ਵੀ ਕਾਫੀ ਕਛਣਾ ਪਿਆ। ਕਿਤੇ ਤਾਂ ਸੜਕ ਅੰਤਰ-ਰਾਸ਼ਟਰੀ ਪੱਧਰ ਦੀ ਥੇਡਲਕ, ਸਾਫ ਸੁਥਰੀ ਸੀ ਅਤੇ ਕਿਤੇ ਕੱਚੇ ਪਹਿਆਂ ਵਿਚ ਦੀ ਸੀ। ਸਾਡਾ ਖਿਆਲ ਸੀ ਕਿ ਮੁਖ ਸੜਕ ਅਗੋਂ ਖਰਾਬ ਹੈ ਅਤੇ ਮੁਰੰਮਤ ਅਧੀਨ ਹੈ ਇਸ ਵਾਸਤੇ ਵਖਰਾ ਰਸਤਾ ਲਿਆ ਗਿਆ ਹੈ ਪਰ ਇਹ ਬਹੁਤ ਲੰਬਾ ਹੋ ਗਿਆ। ਵੈਸੇ ਅਸੀਂ ਆਏ ਵੀ ਇਥੇ ਅਜਿਹੇ ਰਸਤਿਆਂ ਅਤੇ ਉਜਾੜਾਂ ਵਿਚ ਫਿਰਨ ਵਾਸਤੇ ਸੀ। ਜੰਗਲੀ ਜੀਵਾਂ ਦੀਆਂ ਇਹ ਰੱਖਾਂ ਅਫਰੀਕਾ ਵਿਚ ਮਸ਼ਹੂਰ ਹਨ। ਇਥੇ ਇਹਨਾਂ ਦੇ ਸ਼ਿਕਾਰ ਦੀ ਸਖਤ ਮਨਾਹੀ



Sri Satguru Jagjit Singh Ji eLibrary NamdhariElibrary@gmail.com

ਹੈ ਅਤੇ ਇਨ੍ਹਾਂ ਨੂੰ ਵੇਖਣ ਵਾਸਤੇ ਸਾਰੀ ਦੁਨੀਆਂ ਤੋਂ ਯਾਤਰੂ ਆਉਂਦੇ ਨੇ। ਸਰਕਾਰਾਂ ਬਦੇਸ਼ੀ ਯਾਤਰੂਆਂ ਤੋਂ ਦੇਸੀ ਯਾਤਰੂਆਂ ਦੇ ਮੁਕਾਬਲੇ ਚਾਰ ਗੁਣਾ ਫ਼ੀਸ ਲੈਂਦੀਆਂ ਹਨ ਅਤੇ ਉਹ ਵੀ ਡਾਲਰਾਂ ਵਿਚ ਇਸ ਤਰ੍ਹਾਂ ਸਰਕਾਰਾਂ ਦੀ ਮੁਖ ਆਮਦਨ ਦਾ ਵਸੀਲਾ ਇਹਨਾਂ ਜਾਨਵਰਾਂ ਦੇ ਦਰਸ਼ਨ ਹੀ ਹਨ। ਇਸ ਜੰਗਲੀ ਜੀਵ ਦਰਸ਼ਨ ਨੂੰ ਸਪੋਰਟਸ ਜਾਂ ਖੇਡ ਕਹਿੰਦੇ ਹਨ। ਜਿਥੇ ਜਾਨਵਰ ਜ਼ਿਆਦਾ ਹੋਣ ਉਥੇ ਕਹਿੰਦੇ ਸਪੋਰਟਸ ਜ਼ਿਆਦਾ ਹੈ। ਸਤਿਗੁਰੂ ਜੀ ਤਾਂ ਇਕ ਛੋਟੇ ਜਹਾਜ਼ ਰਾਹੀਂ ਪਹਿਲਾਂ ਐਲਡੋਰੇਟ ਸ਼ਹਿਰ ਜਾਣਾ ਸੀ ਅਤੇ ਫਰ ਜਹਾਜ਼ ਰਾਹੀਂ ਹੀ ਮਸਾਈਮਾਰਾ ਵਿਚ ਪਹੁੰਚ ਜਾਣਾ ਸੀ। ਸਾਡਾ ਸਫ਼ਰ ਵਾਹਵਾ ਲੰਮਾ ਹੋ ਗਿਆ ਸੀ। ਗੱਡੀਆਂ ਵਿਚ ਹੀ ਰੋਜ਼ਾਨਾ ਨਿਤਨੇਮ ਕੀਤਾ ਗਿਆ ਅਤੇ ਫੇਰ ਥੋਹੜੀ ਗੱਪ ਸ਼ੱਪ ਵੀ ਕੀਤੀ ਗਈ। ਸਾਡੇ ਨਾਲ ਹੀ ਰਾਗੀ ਸੰਤ ਸ਼ੇਰ ਸਿੰਘ ਗਏ ਸਨ। ਦਿੱਲੀ ਤੁਰਨ ਤੋਂ ਹੀ ਸ਼ੇਰਾਂ ਦੇ ਮੁਤਅਲਕ ਕਹਾਣੀਆਂ ਚਲਦੀਆਂ ਰਹੀਆਂ। ਹੁਣ ਅਸੀਂ ਕਾਰਾਂ ਦੇ ਨਾਲ ਨਾਲ ਵੱਡੀਆਂ ਵੈਨਾਂ ਵਿਚ ਸਫਰ ਕਰ ਰਹੇ ਸਾਂ। ਇਹ ਵੈਨਾਂ ਖਾਸ ਤੌਰ ਤੇ ਇਸੇ ਕੰਮ ਲਈ ਹੀ ਬਣੀਆਂ ਹਨ ਅਤੇ ਕਰਾਏ ਤੇ ਮਿਲ ਜਾਂਦੀਆਂ ਹਨ। ਇਹ ਉਪਰੋਂ ਖੁਲ੍ਹ ਜਾਂਦੀਆਂ ਹਨ ਅਤੇ ਖੜੇ ਹੋ ਕੇ ਵੀ ਨਜ਼ਾਰਾ ਵੇਖਿਆ ਜਾ ਸਕਦਾ ਹੈ। ਇਹਨਾਂ ਦੇ ਚਾਲਕ (ਡਰਾਈਵਰ) ਇਥੇ ਅਕਸਰ ਆਉਂਦੇ ਰਹਿੰਦੇ ਹੋਣ ਕਰਕੇ ਰਸਤਿਆਂ ਦੇ ਵੀ ਜਾਣੂ ਹਨ ਅਤੇ ਜਾਨਵਰਾਂ ਦੇ ਹੋਣ ਦੀਆਂ ਥਾਵਾਂ ਤੋਂ ਵੀ ਵਾਕਫ਼ ਹਨ। ਸਾਡੇ ਜਥੇ ਕੋਲ ਦੋ ਵੈਨਾਂ ਸਨ ਜਿਨ੍ਹਾਂ ਦੇ ਨਾਮ ਸ਼ਿੰਬਾ ਇਕ ਤੇ ਸ਼ਿੰਬਾ ਦੋ ਸਨ। ਸ਼ਿੰਬਾਂ ਦਾ ਮਤਲਬ ਵੀ ਸਿੰਘ ਅਥਵਾ ਸ਼ੇਰ ਹੀ ਹੈ (ਸੰਸਕ੍ਰਿਤ ਦਾ ਸ਼ਬਦ ਸਿੰਘ ਅਤੇ ਸੁਹੇਲੀ ਦਾ ਸ਼ਿੰਬਾ ਦੀ ਸਾਂਝ ਦੱਸਦੀ ਹੈ ਕਿ ਇਹਨਾਂ ਦਾ ਸ੍ਰੋਤ ਇਕੋ ਹੀ ਹੈ) ਅਸੀਂ ਦੇਖਣ ਵੀ ਸ਼ੇਰ ਹੀ ਚਲੇ ਸਾਂ। ਸੋ ਸ਼ੇਰ ਸਿੰਘ ਦਾ ਵਾਰ ਵਾਰ ਜ਼ਿਕਰ ਆਉਣਾ ਕੁਦਰਤੀ ਸੀ। ਬਹੁਤ ਵਾਰ ਸੁਣਿਆ ਲਤੀਫਾ ਵੀ ਸੁਣਾਇਆ ਜਾ ਰਿਹਾ ਸੀ। ਇਕ ਸਿੰਘ ਜੀ ਬਾਹਰਲੇ ਦੇਸ਼ ਵਿਚ ਗਏ ਤਾਂ ਉਥੇ ਰੁਜ਼ਗਾਰ ਨਾ ਮਿਲੇ। ਆਖਰ ਉਹਨਾਂ ਨੂੰ ਇਕ ਕੰਮ ਤਾਂ ਮਿਲਿਆ ਪਰ ਬਹੁਤ ਜਾਨ ਲੇਵਾ। ਕਿਸੇ ਸਰਕਸ ਕੰਪਨੀ ਦਾ ਸ਼ੇਰ ਦੌੜ ਗਿਆ ਸੀ। ਉਥੇ ਕੰਮ ਇਹ ਮਿਲਿਆ ਕਿ ਸ਼ੇਰ ਦੀ ਥਾਂ ਕੰਮ ਕਰਨਾ ਹੈ। ਉਪਰ ਖੱਲ ਐਸੀ ਪੁਆ ਦਿਤੀ ਜਾਵੇਗੀ ਕਿ ਸਚਮੁਚ ਸ਼ੇਰ ਹੀ ਲੱਗਣਾ ਸੀ। ਮੌਤ ਭੁੱਖ ਕਰਕੇ ਵੀ ਸੀ ਅਤੇ ਅਗੇ ਸਰਕਸ ਵਿਚ ਵੀ ਮੌਤ ਸੀ ਕਿਉਂਕਿ ਸ਼ੇਰਾਂ ਨਾਲ ਖੇਲ ਤਮਾਸ਼ੇ ਕਰਨੇ ਸਨ। ਮਜਬੂਰੀ ਸੀ ਸਰਦਾਰ ਜੀ ਨੇ ਨੌਕਰ ਕਰ ਲਈ। ਜਦ ਪਹਿਲੇ ਦਿਨ ਸਰਕਸ ਦੇ ਅੰਦਰ ਸ਼ੇਰ ਬਣੇ ਸਿੰਘ ਜੀ ਨੂੰ ਸ਼ੇਰ ਦੇ ਪਿੰਜਰੇ ਵਿਚ ਖੇਲ ਕਰਨ ਲਈ ਲਿਆਂਦਾ ਗਿਆ ਤਾਂ ਸਰਦਾਰ ਜੀ ਨੇ ਵੇਖਿਆ ਕਿ ਅਗੇ ਇਕ ਹੋਰ ਸ਼ੇਰ ਹੈ ਜਿਦੇ ਸਾਹਮਣੇ ਜਾਣਾ ਸੀ। ਮੌਤ ਸਾਹਮਣੇ ਖੜੀ ਵੇਖ ਕੇ ਸਿੰਘ ਜੀ ਨੇ ਸੋਚਿਆ ਕਿ ਹੁਣ ਅੰਤਮ ਸਮਾਂ ਆ ਸਕਦਾ ਹੈ ਸ਼ੇਰ ਨਾਲ ਮੁਕਾਬਲਾ ਹੈ ਹੁਣ ਸੱਚੇ ਪਾਤਸ਼ਾਹ ਅਗੇ ਅਰਦਾਸ ਕਰੀਏ। ਅਰਦਾਸ ਕਰਕੇ ਉਹਨੇ ਜ਼ੋਰ ਦੀ ਜੈਕਾਰਾ ਛੱਡਿਆ ਬੋਲੇ ਸੋ ਨਿਹਾਲ.. ਤੇ ਛਾਲ ਮਾਰ ਕੇ ਜੰਗਲੇ 'ਚੋਂ ਬਾਹਰ ਆ ਗਿਆ ਦੂਜੇ ਸ਼ੇਰ ਦਾ ਮੁਕਾਬਲਾ ਕਰਨ ਲਈ। ਜਦੋਂ ਬੋਲੇ ਸੋ ਨਿਹਾਲ ਕਿਹਾ ਤਾਂ ਅਗੋਂ ਦੂਜੇ ਸ਼ੇਰ ਨੇ ਜ਼ੋਰਦਾਰ ਗਰਜਵੀਂ ਆਵਾਜ਼ ਦਿਤੀ...ਸਾ ਸਿਰੀ ਅਕਾਲ...ਦੂਜਾ ਸ਼ੇਰ ਵੀ ਸਿੰਘ ਹੀ ਸੀ।

ਸ਼ੇਰਾਂ ਦੀ ਅਸਲੀਅਤ ਭਰੀਆਂ ਖਬਰਾਂ ਸੁਣਦੇ ਸਾਡੀ ਸ਼ਿੰਬਾ (ਸ਼ੇਰ) ਗੱਡੀ ਤੇ ਅਜਿਹਾ ਅਸਰ ਹੋਇਆ ਕਿ ਉਹਦਾ ਬਲ ਛੁੱਟ ਗਿਆ। ਉਹ ਹਿੱਲੇ ਹੀ ਨਾ। ਜਤਨ ਕਰਕੇ ਮਸਾਂ ਪੱਕੀ ਸੜਕ ਤਕ ਪੁਜਦੀ ਕੀਤੀ। ਐਨ ਇਸ ਵੇਲੇ ਨੈਰੋਬੀ ਤੋਂ ਚਲੀਆਂ ਗੱਡੀਆਂ ਦਾ ਕਾਫਲਾ ਪਹੁੰਚ ਗਿਆ। ਇਸ ਵਾਸਤੇ ਇਸ ਥਾਂ ਤੇ ਗੱਡੀ ਵੀ ਬਦਲੀ ਗਈ। ਕੁਝ ਲੱਤਾਂ ਸਿੱਧੀਆਂ ਕੀਤੀਆਂ ਅਤੇ ਨੈਰੋਬੀ ਤੋਂ ਆਏ ਸਮੋਸਿਆਂ, ਬਿਸਕੁਟਾਂ, ਮਿਠਾਈ, ਸ਼ਾਕਾਹਾਰੀ ਕੇਕਾਂ ਨਾਲ 'ਅਲਪ ਆਹਾਰ' ਵੀ ਕੀਤਾ।

ਉਥੇ ਖੜੇ ਪੜੇ ਲਿਖੇ (ਭਾਵ ਅੰਗਰੇਜ਼ੀ ਬੋਲ ਸਕਣ ਵਾਲੇ) ਗਰੀਬ ਕਾਲੇ ਅਫਰੀਕੀ ਜਵਾਨ ਵੀ ਸਨ। ਉਹਨਾਂ ਸਾਥੋਂ ਮੰਗ ਮੰਗ ਕੇ ਇਹ ਖਾਣ ਸਮਗਰੀ ਲਈ ਅਤੇ ਕਹਿਣ ਕਿ ਅਸਾ ਜ਼ਿੰਦਗੀ ਭਰ ਇਹੋ ਜਿਹਾ ਸੁਆਦੀ ਭੋਜਨ ਨਹੀਂ ਛਕਿਆ। ਇਸ ਤਰ੍ਹਾਂ ਉਹ ਹੋਰ ਵੀ ਸਮਾਨ ਬਟੋਰਨ ਵਿਚ ਕਾਮਯਾਬ ਹੋ ਗਏ।

ਸ. ਹਰਭਜਨ ਸਿੰਘ ਚਾਨਾ ਦੀ ੧੯੯੫ ਦੇ ਹੋਲੇ ਸਮੇਂ ਸਾਨੂੰ 'ਚੱਕਣ' ਦੀ ਡਿਊਟੀ ਸੀ ਅਤੇ ਸਾਡੇ ਸੁਤਿਆਂ ਹੋਇਆਂ ਹੀ ਗੱਡੀ ਲੈ ਕੇ ਪਹੁੰਚ ਜਾਂਦੇ ਸਨ। ਫ਼ੇਰ ਚੱਕ ਕੇ ਥਾਓਂ ਥਾਈਂ ਪਹੁੰਚ ਜਾਂਦੇ ਸਨ। ਅੱਜ ਫੇਰ ਉਹਨਾਂ ਹੀ ਸੰਕਟ ਸਮੇਂ ਸਾਨੂੰ ਚੱਕਿਆ ਅਤੇ ਅਸੀਂ ਮਸਾਈਮਾਰਾ ਦੀ ਮਸ਼ਹੂਰ ਧਰਤੀ ਵਲ ਚਲ ਪਏ ਜਿਸ ਨੂੰ ਸ. ਪ੍ਰੀਤਮ ਸਿੰਘ ਕਵੀ ਜੰਗਲੀ ਜੀਵਾਂ ਹੀ ਪਨਾਹ ਗਾਹ ਆਖਦੇ ਹਨ। ਰਸਤੇ ਵਿਚ ਲੰਮੀਆਂ ਲੰਮੀਆਂ ਉਚੀਆਂ ਧੌਣਾਂ ਵਾਲੇ ਜਰਾਫਾਂ



Sri Satguru Jagjit Singh Ji eLibrary NamdhariElibrary@gmail.com

ਦੇ ਝੁੰਡ ਵੇਖੇ ਪਰ ਆਮ ਤੌਰ ਤੇ ਦੂਰ ਦੂਰ ਤਕ ਉਜਾੜ ਹੀ ਉਜਾੜ ਸੀ। ਕਿਤੇ ਕਿਤੇ ਹਿਰਨਾਂ ਦੇ ਝੁੰਡ ਸਨ ਪਰ ਹੋਰ ਜਾਨਵਰ ਦਿਸੇ ਨਹੀਂ। ਗਰਮੀ ਸਿਖਰ ਦੀ ਸੀ ਅਤੇ ਰਸਤਾ ਕੱਚਾ ਪੱਕਾ ਹੀ ਸੀ। ਕੋਈ ਘੰਟੇ ਕੁ ਦੇ ਸਫ਼ਰ ਬਾਦ ਅਸੀਂ ਮਸਾਈਮਾਰਾ ਇਲਾਕੇ ਦੇ ਇਕ ਗੇਟ ਦੇ ਸਾਹਮਣੇ ਪੁੱਜੇ। ਸਾਡੇ ਪਰਬੰਧਕਾਂ ਨੇ ਗੇਟ ਵਾਲਿਆਂ ਨਾਲ ਗੱਲ ਕੀਤੀ ਅਤੇ ਸਾਡੀਆਂ ਗੱਡੀਆਂ ਅੰਦਰ ਕਰ ਕੇ ਖੜੀਆਂ ਕਰ ਦਿਤੀਆਂ ਗਈਆਂ। ਇਥੇ ਗੱਡੀਆਂ ਖੜੀਆਂ ਰਹੀਆਂ ਤੇ ਪਰਬੰਧਕਾਂ ਦੀ ਅਧਿਕਾਰੀਆਂ ਨਾਲ ਗਲਬਾਤ ਚਲਦੀ ਰਹੀ। ਦੇਰੀ ਦਾ ਕਾਰਨ ਸ਼ਾਇਦ ਇਹ ਸੀ ਕਿ ਇਕੋ ਜਿਹੇ ਕਪੜਿਆਂ ਅਤੇ ਸ਼ਕਲਾਂ ਵਾਲਿਆਂ ਚੋਂ ਫੈਸਲਾ ਕਰਨਾ ਹੋਵੇਗਾ ਕਿ ਕੌਣ ਬਦੇਸ਼ੀ ਅਤੇ ਕੌਣ ਕੀਨੀਆ ਵਾਸੀ ਹੈ। ਟਿਕਟ ਦੇ ਦਰਾਂ ਦਾ ਫ਼ਰਕ ਜੋ ਬਹੁਤ ਹੋਇਆ। ਖੈਰ ਅਸੀਂ ਇਥੋਂ ਫਾਰਗ ਹੋਏ ਤਾਂ ਗੱਡੀਆਂ ਕਚਿਆਂ ਪਹਿਆਂ ਵਿਚੋਂ ਹੀ ਵਲ ਖਾਂਦੀਆਂ ਜੰਗਲ ਵਿਚ ਪਰਵੇਸ਼ ਕਰ ਗਈਆਂ। ਕਿਤੇ ਪਾਣੀ ਦਾ ਨਾਲਾ ਕਿਤੇ ਜੰਗਲ ਕਿਤੇ ਉਜਾੜ ਵਿਚੋਂ ਲੰਘਦੇ ਇਕ ਪਹਾੜੀ ਜਿਹੀ ਦੇ ਪੈਰਾਂ ਦੇ ਵਿਚ ਵਿਚ ਜੰਗਲੀ ਜੀਵਾਂ ਦੀ ਭਾਲ ਕਰਦੇ ਆਖਰ ਅਸੀਂ ਇਕ ਆਰਾਮ ਘਰ ਲਾਜ (Lodge) ਪਹੁੰਚ ਗਏ ਜਿਸ ਦੇ ਮੁਖ ਦੁਆਰ ਤੇ ਲਿਖਿਆ ਸੀ ਕਿ "ਮਸਾਈਮਾਰਾ ਸੋਫੀਅ ਲਾਜ ਸਮੁੰਦਰ ਦੇ ਤਲ ਤੋਂ ੨੧੦੪ ਮੀਟਰ ਉਚਾਈ ਤੇ ਹੈ ਭੂਮਧ ਰੇਖਾ ਤੋਂ ਦੱਖਣ ਵਲ ੨੦੬ ਕਿਲੋਮੀਟਰ ਤੇ ਲਾਂਗੀਚਿਊਟ ੩੫° ੨੦" ਅਤੇ ਲੇਟੀਚਿਊਟ ੧.੩੬" ਹੈ। ਢਲਾਣ ਤੇ ਬਣੇ ਇਸ ਆਰਾਮ ਘਰ ਦੇ ਉਪਰੋਂ ਤਾਂ ਪਤਾ ਨਹੀਂ ਸੀ ਲਗਦਾ ਪਰ ਇਥੇ ਬਹੁਤ ਸਾਰੇ ਕਮਰੇ ਸਨ। ਰਹਿਣ ਅਤੇ ਆਰਾਮ ਕਰਨ ਲਈ। ਇਥੇ ਬਹੁਤ ਸਾਰਾ ਪਰਬੰਧ ਅਗਾਊਂ ਕਰ ਰਖਿਆ ਸੀ। ਠਹਿਰਨ ਦਾ ਵੀ ਅਤੇ ਵਖਰੇ ਸੋਧ ਦੇ ਲੰਗਰ ਦਾ ਵੀ। ਸ਼ਾਕਾਹਾਰੀ ਭੋਜਨ ਦਾ ਉਂਝ ਵਖਰਾ ਪਰਬੰਧ ਵੀ ਸੀ। ਕਮਰਿਆਂ ਨਾਲ ਜਾਣ ਵਾਲਾ ਪਹਾੜੀ ਵਾਂਗ ਰਸਤਾ ਉਚਾ ਨੀਵਾਂ ਸੀ। ਸਾਨੂੰ ਜਿਥੇ ਕਮਰਾ ਮਿਲਿਆ ਉਹ ਲਾਬੀ ਤੋਂ ਏਨੀ ਕੁ ਦੂਰ ਸੀ ਕਿ ਇਕ ਵਾਰ ਜਾ ਕੇ ਆ ਜਾਵੋ ਤਾਂ ਪੂਰੀ ਸੈਰ ਹੋ ਜਾਵੇ। ਦੁਬਾਰਾ ਜਾਣ ਵਾਸਤੇ ਆਰਾਮ ਦੀ ਲੋੜ ਸੀ। ਕਮਰੇ ਵਿਚ ਜੰਗਲ ਪਾਣੀ, ਇਸ਼ਨਾਨ ਪਾਣੀ ਅਤੇ ਆਰਾਮ ਦੀਆਂ ਸਾਰੀਆਂ ਸਹੂਲਤਾਂ ਉਪਲਭਦ ਸਨ। ਸਾਹਮਣੇ ਜੰਗਲ ਦਾ ਸ਼ਾਨਦਾਰ ਨਜ਼ਾਰਾ ਸੀ। ਜਵਾਨ ਨਾਮਧਾਰੀਆਂ ਦੇ ਤੋਰੇ ਫੇਰੇ ਤੋਂ ਅਤੇ ਸੁਕਣੇ ਪਾਏ ਸਫ਼ੈਦ ਕਪੜਿਆਂ ਤੋਂ ਇਉਂ ਲਗਦਾ ਸੀ ਇਹ ਕੂਕਿਆ ਦੀ ਛਾਉਣੀ ਹੈ। ਸਤਿਗੁਰੂ ਜੀ ਵੀ ਜਹਾਜ਼ ਰਾਹੀਂ ਆ ਚੁੱਕੇ ਸਨ। ਸਾਨੂੰ ਹੁਕਮ ਆ ਗਿਆ ਕਿ ਆਰਾਮ ਕਰ ਕੇ ਚਾਰ ਵਜੇ ਤਕ ਗੱਡੀਆਂ ਵਿਚ ਬੈਠੇ ਤਿਆਰ ਹੋਵੋ। ਜੰਗਲ ਦੀ ਸੈਰ ਨੂੰ ਨਿਕਲਣਾ ਹੈ। ਸੋ ਇਵੇਂ ਹੀ ਕੀਤਾ ਗਿਆ।

ਵਨ-ਸੁਵੰਨੀਆਂ ਕਾਰਾਂ ਜੀਪਾਂ ਅਤੇ ਵੈਨਾਂ ਦਾ ਕਾਫ਼ਲਾ ਜੰਗਲੀ ਡੰਡੀਆਂ ਦੇ ਰਾਹ ਪਿਆ। ਹੋਰ ਵੀ ਬਹੁਤ ਸਾਰੇ ਯਾਤਰੂਆਂ ਦੀਆਂ ਗੱਡੀਆਂ ਘੁੰਮ ਰਹੀਆਂ ਸਨ। ਦੂਰ ਦੂਰ ਤਕ ਉੱਚਾ ਘਾਹ ਦਿਸ ਰਿਹਾ ਸੀ। ਇਥੇ ਗਾਹੜਾ ਜੰਗਲ ਨਹੀਂ ਸੀ। ਸੈਂਕੜੇ ਮੀਲਾਂ ਦੇ ਖੇਤਰਫਲ ਵਿਚ ਫੈਲਿਆ ਇਹ ਜੰਗਲੀ ਇਲਾਕਾ ਕੀਨੀਆ ਤਨਜ਼ਾਨੀਆ ਤਕ ਫੈਲਿਆ ਸੀ ਅਤੇ ਜੰਗਲੀ ਜਾਨਵਰ ਮੌਜ ਅਤੇ ਮੌਸਮ ਨਾਲ ਹਿਜਰਤ ਕਰਦੇ ਰਹਿੰਦੇ ਹਨ। ਸੰਨ ੧੯੮੫ ਵਿਚ ਵੇਖਿਆ ਤਨ-ਜ਼ਾਨੀਆ ਵਿਚ ਲੇਕ ਮਨਿਆਰਾ ਦਾ ਇਲਾਕਾ ਭਰਪੂਰ ਜੰਗਲ ਸੀ ਅਤੇ ਗੋਰੋਂ ਗੋਰੋਂ ਦੀ ਰੱਖ ਤਾਂ ਜੰਗਲੀ ਜੀਵਾਂ ਨਾਲ ਕੁਰਬੁਲ-ਕੁਰਬੁਲ ਕਰਦੀ ਸੀ। ਉਥੇ ਅਸੀਂ ਇਕੋ ਥਾਂ ੨੫ ਕੁ ਸ਼ੇਰ ਵੇਖੇ ਸਨ। ਪਰ ਇਹ ਇਲਾਕਾ ਵਿਰਵਾ ਸੀ। ਪਾਠਕਾਂ ਨੂੰ ਇਹ ਦੱਸ ਦਈਏ ਕਿ ਇਹਨਾਂ ਥਾਵਾਂ ਤੇ ਜਾਨਦਾਰ ਖੁਲ੍ਹੇ ਬੇਰੋਕ-ਟੋਕ ਤੁਰੇ ਫਿਰਦੇ ਹਨ ਪਰ ਆਦਮੀ ਗੱਡੀਆਂ ਦੇ ਅੰਦਰ ਕੈਦ ਹੁੰਦੇ ਹਨ। ਗੱਡੀ ਚਲਾ ਕੇ ਜਿਥੇ ਮਰਜ਼ੀ ਚਲੇ ਜਾਵੋ, ਪਰ ਹਦਾਇਤ ਹੁੰਦੀ ਹੈ ਕਿ ਜਾਨਵਰਾਂ ਨੂੰ ਤੰਗ ਨਾ ਕਰੋ ਨਹੀਂ ਤਾਂ ਉਹ ਜਵਾਬੀ ਹਮਲਾ ਕਰਕੇ ਨੁਕਸਾਨ ਕਰ ਸਕਦੇ ਹਨ। ਬੜੀ ਦੁਨੀਆ ਏਥੇ ਗੇਮਜ਼ ਵਾਸਤੇ ਆਉਂਦੀ ਹੈ। ਨੈਰੋਬੀ ਤੋਂ ਹਵਾਈ ਗੁਬਾਰਿਆਂ ਰਾਹੀਂ ਵੀ ਪਹੁੰਚਣ ਦੇ ਸ਼ੁਗਲ ਹਨ। ਡਾਲਰਾਂ ਨਾਲ ਭਰੇ ਬੋਰੇ ਇਥੇ ਖਰਚ ਕੀਤੇ ਜਾਂਦੇ ਹਨ। ਖ਼ੈਰ। ਅਸੀਂ ਕਾਫੀ ਦੇਰ ਘੁੰਮਦੇ ਰਹੇ। ਹੋਰ ਜਾਨਵਰ ਹਿਰਨ, ਜ਼ੇਬਰੇ, ਜੰਗਲੀ ਗਊਆਂ, ਹਾਥੀ ਆਦਿਕ ਖੁਲ੍ਹੇ ਫਿਰਦੇ ਵੇਖੇ, ਪਰ 'ਸ਼ੇਰ ਸ਼ੇਰ' ਕਰਦਿਆਂ ਨੂੰ ਵੀ ਸ਼ੇਰ ਨਾ ਲੱਭਾ। ਗੱਡੀਆਂ ਦੇ ਡਰਾਈਵਰ ਇਕ ਦੂਜੇ ਨੂੰ ਅਤਾ-ਪਤਾ ਦੱਸ ਦਿੰਦੇ ਸਨ। ਆਖਰਕਾਰ ਕੋਈ ਘੰਟੇ ਕੁ ਦੀ ਦੌੜ ਭੱਜ ਬਾਅਦ ਸੋਅ ਪਈ ਕਿ ਇਕ ਦੂਰ ਥਾਂ ਸ਼ੇਰ ਹੈ। ਗੱਡੀਆਂ ਵਾਹੋਦਾਹੀ ਉਧਰ ਦੌੜੀਆਂ। ਸਾਡੀ ਵੈਨ ਵਾਲਾ ਮੋਟੂ ਡਰਾਈਵਰ ਕੁਝ ਜ਼ਿਆਦਾ ਚੁਸਤ ਸੀ। ਉਹਨੇ ਇਕ ਲੂਮੜੀ ਦੇ ਮਗਰ ਗੱਡੀ ਲਾ ਲਦੀ ਅਤੇ ਫਲਸਰੂਪ



Sri Satguru Jagjit Singh Ji eLibrary NamdhariElibrary@gmail.com

ਉਹਨੇ ਐਨ ਸ਼ੇਰ ਦੇ ਸਾਹਮਣੇ ਗੱਡੀ ਲਿਆ ਖੜ੍ਹੀ ਕੀਤੀ। ਇਹ ਸ਼ੇਰ ਨਹੀਂ, ਸ਼ੇਰਨੀ ਸੀ ਬੈਠੀ ਹੋਈ...ਬਬਰ ਸ਼ੇਰਨੀ! ਕਹਿੰਦੇ ਹਨ ਕਿ ਅਸਲ ਵਿਚ ਉਦਮਣ ਸ਼ੇਰਨੀ ਹੀ ਹੁੰਦੀ ਹੈ...ਦਿੱਸਦੀ ਵੀ ਜ਼ਿਆਦਾ ਇਹ ਹੈ..ਸ਼ੇਰ ਸਾਹਿਬ ਤਾਂ ਜ਼ਿਆਦਾ ਆਰਾਮ ਹੀ ਕਰਦੇ ਹਨ। ਜਦੋਂ ਗੱਡੀਆਂ ਨੇ ਘੇਰਾ ਪਾ ਲਿਆ ਤੇ ਕੈਮਰੇ ਕਲਿਕ ਕਲਿਕ ਕਰਨ ਲਗ ਪਏ ਤਾਂ ਸ਼ੇਰਨੀ ਨੇ ਸਿਰ ਘੁਮਾ ਕੇ ਵੇਖਿਆ ਤੇ ਫੇਰ ਬੜੇ ਆਰਾਮ ਨਾਲ ਇਕ ਪਾਸੇ ਨੂੰ ਚਲੀ ਗਈ। ਜੰਗਲ ਵਿਚ ਹੋਰ ਵੀ ਜਾਨਵਰ ਹੁੰਦੇ ਹਨ, ਪਰ ਇਹ ਇਨਸਾਨੀ ਫ਼ਿਤਰਤ ਹੈ ਕਿ ਜਦੋਂ ਸ਼ੇਰ ਲੱਭ ਪਵੇ ਤਸੱਲੀ ਹੋ ਜਾਂਦੀ ਹੈ। ਸ਼ੇਰ ਦੇ ਦਰਸ਼ਨ ਬਾਦ ਵਾਪਸੀ ਲਾਜ਼ਮੀ ਸੀ। ਦਿਨ ਭਰ ਦੇ ਭਾਰੀ ਸਫ਼ਰ-ਸੈਰ ਦੇ ਬਾਦ ਗਰਮ ਗਰਮ ਭੋਜਨ ਬਾਦ ਬਹੁਤ ਨਰਮ ਸੰਪਰਿੰਗਦਾਰ ਬਿਸਤਰਿਆਂ ਦੇ ਬਾਵਜੂਦ ਵੀ ਗੂੜੀ ਨੀਂਦ ਆ ਗਈ।

ਅਗਲੇ ਦਿਨ ਅਸੀਂ ਸਵੇਰੇ ਸਵੇਰੇ ਹੀ ਨਿਕਲ ਪਏ। ਇਸ ਵੇਲੇ ਜਾਨਵਰ ਜ਼ਿਆਦਾ ਬਾਹਰ ਹੁੰਦੇ ਹਨ। ਸੱਚ ਮੁਚ ਕਲ੍ਹ ਦੇ ਮੁਕਾਬਲੇ ਅੱਜ ਤਾਂ ਜਾਨਵਰਾਂ ਦੇ ਝੁੰਡਾਂ ਦੇ ਝੁੰਡ ਵੇਖੇ। ਇਕ ਸ਼ੇਰਨੀ ਅਤੇ ਜਵਾਨ ਤੰਦਰੁਸਤ ਬੱਚੇ ਨੂੰ ਵੀ ਨੇੜਿਓਂ ਬਹੁਤ ਪਰਤੱਖ ਰੂਪ ਵਿਚ ਵੇਖਿਆ ਜੋ ਗੱਡੀਆਂ ਦੇ ਝੁਰਮਟ ਤੋਂ ਬਚਣ ਲਈ ਬਹੁਤ ਸ਼ਾਹਾਨਾ ਅੰਦਾਜ਼ ਵਿਚ ਇਕ ਦਰਖਤਾਂ ਦੀ ਝੰਗੀ ਵਿਚ ਜਾ ਛੁਪੇ। ਹਾਥੀਆਂ ਦੇ ਜੱਥੇ ਦੀ ਫ਼ੋਟੋਗਰਾਫੀ ਗੁਰਮੁਖ ਸਿੰਘ ਅਤੇ ਰਛਪਾਲ ਸਿੰਘ ਹੋਰਾਂ ਕੀਤੀ। ਪਰ ਸਭ ਤੋਂ ਵਧ ਯਾਦ ਰਹਿਣ ਵਾਲਾ ਕਾਰਨਾਮਾ ਇਕ ਹੋਰ ਹਾਥੀ ਦਾ ਹੈ, ਜਿਸ ਦੀ ਅਕਲ ਦੀ ਦਾਦ ਸਭ ਨੇ ਦਿਤੀ। ਇਕ ਜਗ੍ਹਾ ਤੇ ਸੰਘਣੇ ਫਲਦਾਰ ਦਰਖਤਾਂ ਦੀ ਝੰਗੀ ਸੀ, ਪਰ ਉਸ ਦੇ ਬਾਹਰਵਾਰ ਤਾਰਾਂ ਦੀ ਵਾੜ ਲੱਗੀ ਹੋਈ ਸੀ। ਹਾਥੀ ਦਾ ਜਤਨ ਸੀ ਤਾਰਾਂ ਪਾਰ ਕਰਕੇ ਉਸ ਥਾਂ ਤੇ ਜਾਇਆ ਜਾਵੇ। ਅਸੀਂ ਦੂਰ ਗੱਡੀਆਂ ਖੜ੍ਹੀਆਂ ਕਰਕੇ ਉਤਸੁਕਤਾ ਨਾਲ ਵੇਖਦੇ ਰਹੇ। ਹਾਥੀ ਤਾਰਾਂ ਦੇ ਖੰਬੇ ਪੁੱਟ ਕੇ ਵੀ ਅੰਦਰ ਜਾ ਸਕਦਾ ਸੀ, ਪਰ ਉਹਨੇ ਤਾਂ ਕਮਾਲ ਅਕਲ ਤੋਂ ਕੰਮ ਲਿਆ। ਨਾ ਉਹਨੇ ਤਾਰ ਤੋੜੀ ਨਾ ਖੰਭਾ ਪੁੱਟਿਆ। ਪਹਿਲਾਂ ਉਹਨੇ ਸਭ ਕੁਝ ਹਿਲਾ ਕੇ ਜਾਇਜ਼ਾ ਲਿਆ ਤੇ ਫਿਰ ਉਹਨੇ ਸੁੰਡ ਨਾਲ ਉਪਰਲੀ ਤਾਰ ਹੋਰ ਉਪਰ ਨੂੰ ਚੁਕੀ, ਇਕ ਤਾਰ ਪੈਰਾਂ ਹੇਠ ਦਬਾਈ ਅਤੇ ਬਾਕੀ ਸਾਰਾ ਸਰੀਰ ਉਸ ਵਿਚੋਂ ਦੀ ਇਵੇਂ ਲੰਘਾ ਲਿਆ ਜਿਵੇਂ ਨਿਆਣੇ ਤਾਰਾਂ ਲੰਘ ਜਾਂਦੇ ਹਨ। ਸਭ ਕੁਝ ਸਹੀ ਸਲਾਮਤ ਸੀ ਅਤੇ ਹਾਥੀ ਬਾਗ਼ ਦੇ ਅੰਦਰ ਸੀ ਆਪਣੀ ਮੰਜ਼ਲ ਤੇ।

ਇਕ ਲੰਗੂਰ ਸਤਿਗੁਰੂ ਜੀ ਦੀ ਕਾਰ ਦੇ ਅੱਗੇ ਆ ਖਲੋਤਾ। ਉਹਨਾਂ ਕਾਰ ਖੜ੍ਹੀ ਕੀਤੀ ਅਤੇ ਇਕ ਕੇਲਾ ਉਪਰੋਂ ਕਾਰ ਦੇ ਬੋਨਿਟ ਤੇ ਸੁਟਿਆ। ਲੰਗੂਰ ਛਾਲ ਮਾਰ ਕੇ ਕਾਰ ਬੋਨਿਟ ਦੇ ਉਪਰ। ਨਾਲੇ ਦਰਸ਼ਨ ਨਾਲੇ ਪਰਸ਼ਾਦ ਛਕਣ ਨੂੰ ਮਿਲਿਆ। ਕਿੰਨਾ ਵਡਭਾਗਾ ਸੀ! ਜਿਹਨੂੰ ਸਤਿਗੁਰਾਂ ਦੇ ਕਰ ਕਮਲਾਂ ਦੀ ਛੁਹ ਪ੍ਰਾਪਤ ਪ੍ਰਸ਼ਾਦ ਮਿਲਿਆ।

ਸ਼ਾਮ ਦੀ ਫੇਰੀ ਵਿਚ ਇਕ ਚੀਤੇ ਦਾ ਬੱਚਾ ਟੋਏ ਵਿਚ ਆਰਾਮ ਕਰ ਰਿਹਾ ਸੀ। ਆਲੇ-ਦੁਆਲੇ ਗੱਡੀਆਂ ਦਾ ਝੁਰਮਟ ਵੇਖਿਆ ਤਾਂ ਉਸ ਅੱਖ ਪੱਟ ਕੇ ਜ਼ਰਾ ਕੁ ਵੇਖਿਆ ਅਤੇ ਫਿਰ ਬੇਪਰਵਾਹੀ ਨਾਲ ਬਿਰਾਜ ਗਿਆ। ਸੁੱਤੇ ਨੂੰ ਜਗਾਉਣ ਦੀ ਕਿਹਦੀ ਹਿੰਮਤ ਸੀ। ਕਾਫ਼ੀ ਘੁੰਮਣ ਬਾਦ ਸ਼ੇਰਾਂ ਦੀ ਹੋਰ ਜੋੜੀ ਦੇ ਦਰਸ਼ਨ ਕਰਕੇ ਆਖਰ ਅਸੀਂ ਵਾਪਸ ਨੂੰ ਮੁੜ ਪਏ। ਅਸਾਂ ਇਹ ਗੱਲ ਅਨੁਭਵ ਕੀਤੀ ਕਿ ਸ਼ੇਰ ਦਿਖਣ ਤੋਂ ਪਹਿਲਾਂ ਲੂੰਮੜ ਜਾਂ ਗਿੱਦੜ ਜ਼ਰੂਰ ਦਿਖਾਈ ਦੇਂਦਾ। ਇਹ ਸ਼ੇਰ ਤੋਂ ਦੂਰ ਪਰ ਆਲੇ-ਦੁਆਲੇ ਹੀ ਰਹਿੰਦੇ। ਬਚਿਆ ਮਾਸ ਖਾਣ ਵਾਸਤੇ ਇਹਨਾਂ ਨੂੰ ਮਿਲ ਜਾਂਦਾ ਹੋਵੇਗਾ। ਸ਼ਾਮ ਨੂੰ ਅਸੀਂ ਵਾਹੋਦਾਹੀ ਵਾਪਸ ਆ ਰਹੇ ਸਾਂ। ਸਾਡੇ ਵਾਲੀ ਗੱਡੀ ਸਭ ਤੋਂ ਅਗੇ ਸੀ ਕਿ ਮੁੜ ਲੂੰਮੜ ਦਿਸਿਆ। ਉਹ ਸੜਕ ਦੇ ਐਨ ਵਿਚਕਾਰ ਦੌੜ ਰਿਹਾ ਸੀ। ਡਰਾਈਵਰ ਨੇ ਗੱਡੀ ਉਹਦੇ ਮਗਰ ਲਾਈ ਰੱਖੀ। ਜ਼ਰਾ ਕੁ ਗੱਡੀ ਤੇਜ਼ ਕੀਤੀ ਤਾਂ ਉਹ ਕੱਚੀ ਸੜਕ ਤੋਂ ਲਾਂਭੇ ਹੋ ਗਿਆ। ਅਗੇ ਹੋਰ ਦ੍ਰਿਸ਼ ਸੀ। ਇਕ ਸ਼ੇਰਨੀ ਸੜਕ ਦੇ ਖੱਬੇ ਪਾਸੇ ਸ਼ਹਿ ਲਾ ਕੇ ਬੈਠੀ ਸੀ। ਕੁਝ ਦੂਰੀ ਤੇ ਜ਼ੇਬਰਿਆਂ (ਧਾਰੀਦਾਰ ਦਰੀਆਈ ਘੋੜਿਆਂ) ਦਾ ਝੁੰਡ ਚਰ ਰਿਹਾ ਸੀ। ਉਸ ਝੁੰਡ ਚੋਂ ਵਖਰਾ ਹੋਇਆ ਇਕ ਜ਼ੈਬਰਾ ਰਸਤੇ ਵਲ ਆ ਕੇ ਸਾਹਮਣੇ ਖੜਾ ਸੀ ਕੁਝ ਵਿੱਥ ਤੇ ਸ਼ੇਰਨੀ ਦੇ ਰੂ-ਬ-ਰੂ। ਸ਼ੇਰਨੀ ਦਾ ਧਿਆਨ ਜ਼ੇਬਰੇ ਵਲ ਏਨਾ ਕੇਂਦਰਿਤ ਸੀ ਕਿ ਉਸ ਨੂੰ ਕੋਈ ਪਤਾ ਨਹੀਂ ਸੀ ਕਿ ਆਲੇ-ਦੁਆਲੇ ਗੱਡੀਆਂ ਆ ਕੇ ਖੜੀਆਂ ਹਨ। ਸਾਡੇ ਵਿਚ ਮਹੰਤ ਸੰਤੋਖ ਸਿੰਘ ਸਨ। ਉਨ੍ਹਾਂ ਨੇ ਤਬਸਰਾ ਕੀਤਾ ਵੇਖੋ ਉਹ ਸ਼ੇਰ... ਉਹ ਹਿਲਿਆ..., ਉਹ ਸ਼ਿਕਾਰਕਰੇਗਾ...ਓਹ ਓਹ! ਡਰਾਈਵਰ ਨੇ ਉਂਗਲ ਨਾਲ ਇਸ਼ਾਰਾ ਕੀਤਾ ਬਿਲਕੁਲ ਖਾਮੋਸ਼ ਹੋ ਜਾਓ। ਕੋਈ ਜ਼ਰਾ ਵੀ ਨਾ ਬੋਲੇ। ਚੁੱਪ ਚਾਂ ਛਾਈ ਹੋਈ ਸੀ। ਕਿਸੇ ਵੀ ਪਲ ਸ਼ੇਰਨੀ ਨੇ ਸ਼ਿਕਾਰ ਤੇ ਝਪਟ ਪੈਣਾ ਸੀ। ਜ਼ੇਬਰਾ ਵੀ ਅੱਖ ਨਹੀਂ ਸੀ ਝਪਕ ਰਿਹਾ ਅਤੇ ਸ਼ੇਰਨੀ ਵੀ। ਜ਼ੇਬਰਾ ਸ਼ਾਇਦ ਸਮਝ ਗਿਆ ਸੀ ਕਿ ਮੌਤ ਸਾਹਮਣੇ ਖੜੀ ਹੈ ਤਦੇ ਉਹ ਕੁਝ ਖਾ ਨਹੀਂ ਸੀ ਰਿਹਾ ਬਾਕੀ ਦਾ ਸਾਰਾ ਝੁੰਡ ਪਰੇ ਘਾਹ ਚਰੀ ਜਾ



Sri Satguru Jagjit Singh Ji eLibrary NamdhariElibrary@gmail.com

ਰਿਹਾ ਸੀ। ਉਸ ਝੁੰਡ ਨੂੰ ਪਤਾ ਹੀ ਨਹੀਂ ਸੀ ਕਿ ਉਹਨਾਂ ਦੇ ਇਕ ਸਾਥੀ ਤੇ ਕੀ ਬਣੀ ਹੈ। ਏਧਰ ਸ਼ੇਰਨੀ ਦੀ ਵੀ ਕੋਈ ਮਜਬੂਰੀ ਸੀ ਜੋ ਉਹ ਯਕਦਮ ਝਪਟਾ ਨਹੀਂ ਸੀ ਮਾਰ ਰਹੀ। ਹਾਂ ਸ਼ੇਰਨੀ ਸ਼ਤਰੰਜ ਦੇ ਪੰਹਰੇ ਵਾਂਗ ਥੋਹੜਾ ਥੋਹੜਾ ਇਵੇਂ ਅਗੇ ਨੂੰ ਖਿਸਕ ਰਹੀ ਸੀ ਕਿ ਜ਼ੇਬਰੇ ਨੂੰ ਪਤਾ ਨਾ ਲਗੇ। ਇਸ ਖੇਡ ਵਿਚ ਉਹਨੇ ਜਿੱਤਣਾ ਸੀ ਜਿਸਦਾ ਜ਼ਿਆਦਾ ਸਬਰ ਹੋਵੇ ਅਤੇ ਜਿਸ ਦਾ ਧਿਆਨ ਜ਼ਿਆਦਾ ਕੇਂਦਰਤ ਹੋਵੇ। ਹਨੇਰਾ ਪਸਰ ਰਿਹਾ ਸੀ। ਸੰਤ ਰਛਪਾਲ ਸਿੰਘ ਨੇ ਇਕ ਦੋ ਤਗੜੀਆਂ ਫਲੈਸ਼ਾਂ ਕੈਮਰੇ ਦੀਆਂ ਮਾਰੀਆਂ ਪਰ ਸ਼ੇਰਨੀ ਤੇ ਜ਼ਰਾ ਜਿੰਨਾ ਵੀ ਅਸਰ ਨਹੀਂ ਸੀ। ਅਸੀਂ ਤਾਂ ਉਹਦੀ ਇਕ ਛਾਲ ਦੀ ਵਿਥ ਤੇ ਸਾਂ ਪਰ ਉਹ ਕਈ ਛਾਲਾਂ ਅੱਗੇ ਨੂੰ ਵੇਖ ਰਹੀ ਸੀ। ਹਨੇਰੇ ਵਿਚ ਖੇਡ ਨੂੰ ਵਿਚੇ ਹੀ ਛੱਡ ਕੇ ਅਸੀਂ ਕਾਫ਼ੀ ਸ਼ਾਮ ਹੋਈ ਹੋਟਲ ਨੂੰ ਆ ਗਏ। ਅਗੇ ਹੋਟਲ ਵਾਲਿਆਂ ਨੂੰ ਫਿਕਰ ਲਗਾ ਸੀ ਕਿ ਅੰਤਰ-ਰਾਸ਼ਟਰੀ ਅਹਿਮ ਸ਼ਖਸੀਅਤ ਵਾਲੀ ਇਹ ਯਾਤਰੂ ਪਾਰਟੀ ਵਾਪਸ ਕਿਉਂ ਨਹੀਂ ਆਈ ਅਤੇ ਉਹ ਉਤਸੁਕਤਾ ਨਾਲ ਪੁਛ ਪੁਛਾ ਰਹੇ ਸਨ। ਸ਼ੇਰ ਦੀਆਂ ਗੱਲਾਂ ਚਲਦੀਆਂ ਰਹੀਆਂ। ਤਨਜ਼ਾਨੀਆਂ ਦੀ ਨਾਮਧਾਰੀ ਸੰਗਤ ਦੇ ਚੁੱਸਤ ਪ੍ਰਧਾਨ ਸਤਵੰਤ ਸਿੰਘ ਪਾਲਰੇ ਦੱਸ ਰਹੇ ਸਨ ਕਿ ਸ਼ੇਰ ਇਕੱਲਾ ਸ਼ਿਕਾਰ ਨਹੀਂ ਕਰਦਾ। ਹੋਰ ਵੀ ਕਈ ਪਾਸਿਆਂ ਤੋਂ ਦੂਸਰੇ ਸ਼ੇਰ ਘੇਰਾ ਪਾ ਕੇ ਬੈਠੇ ਹੋਣਗੇ। ...ਸ਼ੇਰਨੀ ਸਿਧਾ ਹਮਲਾ ਨਹੀਂ ਕਰੇਗੀ ਜ਼ੇਬਰਾ ਕਾਬੂ ਨਹੀਂ ਆਵੇਗਾ। ਸ਼ੇਰਨੀ ਇੱਜੜ ਤੇ ਹਮਲਾ ਕਰੇਗੀ। ਅਫਰਾ-ਤਫਰੀ ਮੱਚੇਗੀ ਅਤੇ ਉਸ ਵਿਚੋਂ ਉਹ ਇਕ ਜੀਵ ਨੂੰ ਕਾਬੂ ਕਰੇਗੀ। ਸ਼ੇਰ ਨੂੰ ਸ਼ਿਕਾਰ ਕਰਦਿਆਂ ਤਾਂ ਕਿਸੇ ਨੇ ਵੇਖਿਆ ਨਾ ਹੋਵੇ, ਪਰ ਉਹਨਾਂ ਬਾਰੇ ਜਾਣਕਾਰੀ ਬਹੁਤਿਆਂ ਨੂੰ ਸੀ। ਅੱਜ ਸਵੇਰੇ ਇਹ ਵੀ ਸੁਣਿਆ ਸੀ ਕਿ ਸ਼ੇਰ ਰਾਤ ਹੋਟਲ ਵਿਚ ਵੀ ਫਿਰਦਾ ਰਿਹਾ ਹੈ। ਰੋਜ਼ ਰਾਤ ਨੂੰ ਆਉਂਦਾ ਰਹਿੰਦਾ ਹੈ। ਪਰ ਇਹ ਸਾਰੀ 'ਸ਼ੇਰ-ਵਾਣੀ' ਹੀ ਸੀ। ਸ. ਹਰਵਿੰਦਰ ਸਿੰਘ ਹੰਸਪਾਲ, ਸਰਵਸ਼ਕਤੀਮਾਨ ਅਤੇ ਮੈਂ ਹੇਠ ਵਾਲੇ ਪੋਰਸ਼ਨ 'ਚ ਗਏ। ਉਥੇ ਅਸੀਂ ਕਰਮਚਾਰੀ ਨੂੰ ਪੁਛਿਆ ਇਥੇ ਰਾਤ ਨੂੰ ਜੰਗਲੀ ਜਾਨਵਰ ਆਉਂਦੇ ਹਨ? ਕਹਿਣ ਲੱਗਾ, 'ਯੈੱਸ'। ਫੇਰ ਹੰਸਪਾਲ ਜੀ ਨੇ ਪੁਛਿਆ, ਕਦੋਂ ਕੁ ਆਉਂਦੇ ਹਨ? ਕਹਿਣ ਲੱਗਾ, 'ਨਾਈਨ ਟਵੇਂਟੀ' ਨੌਂ ਵਜ ਕੇ ਵੀਹ ਮਿੰਟ ਤੇ। ਅਸੀਂ ਹੈਰਾਨ ਕਿ ਜੰਗਲੀ ਜਾਨਵਰ ਨੌਂ ਵਜ ਕੇ ਵੀਹ ਮਿੰਟ 'ਤੇ ਘੜੀਆਂ ਵਖ ਕੇ ਆਉਂਦੇ ਹਨ, ਪਰ ਉਸ ਮੁੜ ਇਹ ਹੀ ਕਿਹਾ। ਉਹਨੇ ਜਗ੍ਹਾ ਵੀ ਦੱਸ ਦਿਤੀ ਸੀ। ਅਸੀਂ ਸਵਾ ਨੌਂ ਵਜੇ ਦੱਸੇ ਥਾਂ ਤੇ ਚਲੇ ਗਏ। ਅੱਗੇ ਬਹੁਤ ਸਾਰੇ ਯਾਤਰੂਆਂ ਦੀ ਭੀੜ ਸੀ। ਕੈਮਰੇ ਅਤੇ ਵੀਡੀਓ ਕੈਮਰੇ ਬੀੜੇ ਹੋਏ ਸਨ। ਇਕ ਥਾਂ ਤੇ ਖਾਸ ਸਪਾਟ ਲਾਈਟ ਰੋਸ਼ਨੀ ਦਾ ਪ੍ਰਬੰਧ ਸੀ। ਜੰਗਲ ਵਿਚ ਕਦੇ ਕਦੇ ਹਨੇਰੇ ਵਿਚੋਂ ਜਾਨਵਰਾਂ ਦੀ ਹਿਲਜੁਲ ਦਿਸਦੀ ਸੀ। ਅੰਦਾਜ਼ਾ ਸੀ ਕਿ ਬਹੁਤ ਜਾਨਵਰ ਆਲੇ-ਦੁਆਲੇ ਤੁਰੇ ਫਿਰਦੇ ਹਨ ਅਤੇ ਅਜੇ ਚਾਨਣ ਵਿਚ ਆਉਣ ਤੋਂ ਕਤਰਾ ਰਹੇ ਹਨ। ਠੀਕ ਨੌਂ ਵਜ ਕੇ ਵੀਹ ਮਿੰਟ ਤੇ ਹੋਟਲ ਦਾ ਇਕ ਸ਼ਾਨਦਾਰ ਵਰਦੀ ਵਾਲਾ ਕਰਮਚਾਰੀ ਇਕ ਵੱਡਾ ਸਾਰਾ ਡੱਬਾ ਲੈ ਕੇ ਗਿਆ। ਨਾਲ ਉਹਦੇ ਤੀਰ ਕਮਾਨ ਵਾਲਾ ਬਾਡੀ-ਗਾਰਡ ਸੀ। ਉਹਨਾਂ ਡੱਬੇ ਵਿਚੋਂ ਹੋਟਲ ਦਾ ਬਚਿਆ-ਖੁਚਿਆ ਮਾਲ ਮਾਸ ਆਦਿਕ ਬੜੇ ਤੇ ਢੇਰੀ ਕਰ ਦਿਤਾ ਅਤੇ ਆਪ ਵਾਪਸ ਆ ਗਏ। ਬਸ ਹਨੇਰੇ ਵਿਚ ਲੁਕੀਆਂ ਬੈਠੀਆਂ ਫੌਜਾਂ ਚਾਨਣ ਵਿਚ ਟੁੱਟਕੇ ਪੈ ਗਈਆਂ ਮਾਸ ਦੇ ਟੁਕੜਿਆਂ ਨੂੰ। ਲਕੜਬੱਗੇ, ਲੂੰਬੜ, ਬਘਿਆੜ ਅਤੇ ਹੋਰ ਕਈ ਕੁਛ, ਇਥੋਂ ਤਕ ਕਿ ਇਕ ਬਹੁਤ ਮੋਟਾ ਨਿਓਲਾ ਵੀ ਉਹਨਾਂ ਵਿਚ ਦੌੜਿਆ ਫਿਰੇ। ਤਗੜੇ ਤਗੜੇ ਬੋਟੀਆਂ ਚੁੱਕ ਕੇ ਲੈ ਗਏ, ਮਾੜੇ ਜ਼ਮੀਨ ਚੱਟਦੇ ਰਹਿ ਗਏ। ਖੋਹਾ-ਖੋਹੀ ਨੂੰ ਹੋਟਲ ਵਾਲਿਆਂ ਰੋਜ਼ ਦਾ ਪੱਕਾ ਪ੍ਰੋਗਰਾਮ ਬਣਾ ਕੇ ਪੇਸ਼ ਕੀਤਾ। ਪੇਟ ਦੀ ਭੁੱਖ ਨੇ ਜਾਨਵਰਾਂ ਨੂੰ ਬਗੈਰ ਘੜੀਆਂ ਦੇ ਰਾਤ ਨੌਂ ਵਜਕੇ ਵੀਹ ਮਿੰਟ ਦਾ ਸਮਾਂ ਪੱਕਾ ਦ੍ਰਿੜਾ ਦਿਤਾ ਹੈ।

ਅੱਜ ੫ ਅਗਸਤ ਦਾ ਦਿਨ ਖੂਬ ਰੁਝੇਵਿਆਂ ਭਰਿਆ ਰਿਹਾ ਸੀ। ਦੁਪਹਿਰ ਤੋਂ ਪਹਿਲਾਂ ਬਾਹਰੋਂ ਆ ਕੇ ਕੁਝ ਸਮਾਂ ਵਿਹਲ ਦਾ ਮਿਲਿਆ ਸੀ। ਉਸ ਵੇਲੇ ਅਸੀਂ ਬਹੁਤ ਸਾਰੇ ਹੋਟਲ ਦੇ ਤਲਾਬ ਕੰਢੇ ਕੁਰਸੀਆਂ ਮੰਜੀਆਂ ਤੇ ਆਰਾਮ ਕਰਦੇ ਰਹੇ। ਫੇਰ ਯੂਰਪੀਨ ਮੁਸਾਫਰ ਆ ਕੇ ਨਹਾਉਣ ਲਗੇ ਤਾਂ ਅਸਾਂ ਕੂਚ ਕਰ ਦਿਤਾ। ਸਤਿਗੁਰਾਂ ਦੇ ਹਜ਼ੂਰੀ ਸੇਵਕ ਦੀਦਾਰ ਸਿੰਘ ਨੇ ਆ ਹੁਕਮ ਸੁਣਾਇਆ ਕਿ ਸਭ ਆਪੋ-ਆਪਣੇ ਕਮਰਿਆਂ ਵਿਚ ਜਾ ਕੇ ਇਕ ਘੰਟਾ ਨਾਮ ਸਿਮਰਨ ਕਰੋ। ਸਤਿਗੁਰੂ ਜੀ ਆਪ ਦਲਾਣ ਦੇ ਘਾਹ ਉਪਰ ਧੁੱਪ ਵਿਚ ਬੈਠੇ ਭਜਨ-ਬਾਣੀ ਵਿਚ ਲੀਨ ਰਹੇ ਸਨ। ਇਸ ਥਾਂ ਦੀ ਸੁੰਦਰਤਾ, ਏਕਾਂਤ ਕੁਦਰਤ ਦਾ ਖੁਲ੍ਹਾ ਨਜ਼ਾਰਾ ਪ੍ਰਭੂ ਚਿੰਤਨ ਵਾਸਤੇ ਆਕਰਸ਼ਿਤ ਕਰਦਾ ਸੀ ਅਤੇ ਰੁਝੇਵਿਆਂ 'ਚੋਂ ਕੁਝ ਸਮਾਂ ਆਪ ਨੇ ਆਰਾਮ ਵਾਸਤੇ ਕਢਿਆ ਸੀ।

ਰਾਤ ਦੇ ਖਾਣੇ ਬਾਦ ਥੋੜ੍ਹਾ ਸੰਗੀਤ ਦਾ ਪ੍ਰੋਗਰਾਮ ਸੀ। ਪਹਿਲਾਂ ਤਾਂ ਮਸਾਈ ਕਬੀਲੇ ਦਾ ਲੋਕ-ਨਾਚ ਸੀ। ਉਹ ਚੀਕਾਂ



Sri Satguru Jagjit Singh Ji eLibrary NamdhariElibrary@gmail.com

ਮਾਰ ਮਾਰ ਕੇ ਨੱਚ ਰਹੇ ਸਨ । ਫੇਰ ਬਲਵੰਤ ਸਿੰਘ ਦਾ ਥੋੜ੍ਹਾ ਸੰਤੂਰ ਵਾਦਨ ਹੋਇਆ । ਮਨ ਨੂੰ ਸ਼ਾਂਤੀ ਆਈ ; ਸੂਬਾ ਸਤਨਾਮ ਸਿੰਘ ਜੀ ਨੇ ਸੰਤੂਰ ਸਾਜ਼, ਇਸ ਦੇ ਕਲਾਕਾਰ ਬਲਵੰਤ ਸਿੰਘ ਤਬਲਾ ਅਤੇ ਕਲਾਕਾਰ ਹਰਪ੍ਰੀਤ ਸਿੰਘ ਸੋਨੂੰ ਬਾਰੇ ਜਾਣਕਾਰੀ ਦਿਤੀ । ਸਤਿਗੁਰੂ ਜੀ ਬਾਰੇ ਕੁਝ ਸ਼ਬਦ ਕਹੇ ਅਤੇ ਉਹਨਾਂ ਵਲੋਂ ਸੰਗੀਤ ਪ੍ਰਤੀ ਦੇਣ ਨੂੰ ਉਜਾਗਰ ਕੀਤਾ । ਇਸਰਾਈਲ ਤੋਂ ਆਇਆ ਯਹੂਦੀ ਕਲਾਕਾਰਾਂ ਦਾ ਇਕ ਗਰੁਪ ਤਾਂ ਬਾਹਲਾ ਹੀ ਪ੍ਰਭਾਵਿਤ ਹੋਇਆ ਅਤੇ ਪੁਛਗਿਛ ਰਾਹੀਂ ਉਨ੍ਹਾਂ ਦਿਲਚਸਪੀ ਦਿਖਾਈ । ਬਾਕੀ ਦੇ ਲੋਕ ਵੀ ਭਾਰਤੀ ਸੰਗੀਤ ਦੇ ਜਾਦੂ ਵਿਚ ਜ਼ਰੂਰ ਮੋਹੇ ਗਏ ਸਨ । ਅਜਿਹੇ ਮੌਕਿਆਂ ਤੇ ਵਖ ਵਖ ਸਭਿਆਚਾਰਾਂ ਨੂੰ ਵੇਖਣ ਵਿਖਾਉਣ ਦਾ ਅਵਸਰ ਮਿਲਦਾ ਹੈ । ਅਤੇ ਨਿਰਸੰਦੇਹ ਸਾਡੇ ਦੋ ਦਿਨ ਦੇ ਭਰਮਣ ਨੇ ਲੋਕਾਂ ਵਿਚ ਜਗਿਆਸਾ ਪੈਦਾ ਕੀਤੀ—ਇਹ ਕੌਣ ਲੋਕ ਨੇ ਜੋ ਸ਼ਾਕਾਹਾਰੀ ਨੇ ...ਜੋ ਆਪਣਾ ਭੋਜਨ ਆਪ ਬਣਾਉਂਦੇ ਨੇ...ਜਿਨ੍ਹਾਂ ਦਾ ਪਹਿਰਾਵਾ ਇਕੋ ਜਿਹਾ ਅਤੇ ਅਮੀਰਾਨਾ ਰੋਅਬ ਵਾਲਾ ਹੈ...ਜੋ ਸੰਗੀਤ ਵਿਚ ਮਾਹਰ ਨੇ . ਜੋ ਇਕ ਦੇ ਅਨੁਸ਼ਾਸਨ ਵਿਚ ਬੱਧੇ ਹਨ ?

ਇਥੋਂ ਦੇ ਲੋਕਲ ਲੋਕ ਮਸਾਈ ਕਬੀਲੇ ਵਾਲੇ ਆਪਣੀ ਖਾਸ ਵੇਸ-ਭੂਸ਼ਾ ਵਿਚ ਰਹਿੰਦੇ ਹਨ—ਪੈਰੋਂ ਨੰਗੇ, ਚਾਦਰ ਜਿਹੀ ਵਲੇਟੀ, ਹੱਥ ਵਿਚ ਬਰਛਾ ਫੜਿਆ, ਲੰਮ-ਸਲੰਮੇ— ਆਮ ਮਿਲ ਜਾਂਦੇ ਹਨ । ਅਕਸਰ ਯੂਰਪ ਤੋਂ ਆਏ ਲੋਕਾਂ ਨੂੰ ਇਹ ਭਰਮਾ ਲੈਂਦੇ ਹਨ ਅਤੇ ਉਹਨਾਂ ਦੇ ਗਾਈਡ ਬਣ ਜਾਂਦੇ ਹਨ । ਅਸੀਂ ਦੇਖਿਆ ਕਿ ਗੋਰੇ ਲੋਕਾਂ ਦੇ ਇਕ ਜੱਥੇ ਨੂੰ ਇਹ ਪੈਦਲ ਹੀ ਜੰਗਲ ਵਲ ਲਿਜਾ ਰਹੇ ਸਨ । ਲੋਕ ਤਾਂ ਗਏ ਹੀ ਕੁਦਰਤ ਨੂੰ ਮਾਨਣ ਵਾਸਤੇ ਹੁੰਦੇ ਹਨ ਅਤੇ ਉਹਨਾਂ ਦੀ ਭਾਵੁਕਤਾ ਪੈਦਲ ਵੀ ਤੋਰਦੀ ਹੈ । ਇਹ ਲੋਕ ਇਸ ਗੱਲ ਨੂੰ ਜਾਣਦੇ ਹਨ । ਉਂਝ ਮੁੰਡੇ ਮਾਡਰਨ ਕੱਪੜੇ ਵੀ ਪਾਉਂਦੇ ਹਨ ਅਤੇ ਲੋੜ ਪੈਣ ਤੇ ਪ੍ਰੰਪਰਾਗਤ ਕੱਪੜੇ ਵੀ ਪਾ ਲੈਂਦੇ ਹਨ ਜਿਵੇਂ ਸਾਡੇ ਕਾਲਜਾਂ ਦੇ ਮੁੰਡੇ ਭੰਗੜੇ ਵੇਲੇ ਕੁੜਤੀਆਂ ਤੇ ਲਾਚੇ ਪਾ ਲੈਂਦੇ ਹਨ ।

੬ ਤਾਰੀਖ ਸਵੇਰੇ ਤਾਲਾਬ ਦੇ ਕੰਢੇ ਸੁਹਾਵਣੇ ਦ੍ਰਿਸ਼ ਵਿਚ ਸਾਰੀਆਂ ਸੰਗਤਾਂ ਦੇ ਦਰਮਿਆਨ ਸਤਿਗੁਰੂ ਜੀ ਦੇ ਨਾਲ ਇਕ ਗਰੁਪ ਫੋਟੋ ਰਛਪਾਲ ਸਿੰਘ ਹਜ਼ੂਰੀ ਸੇਵਕ ਨੇ ਖਿੱਚੀ । ਤਾਜ਼ਾ ਦਮ ਹੋਇਆਂ ਅਰਦਾਸ ਸੋਧ ਕੇ ਅਸੀਂ ਕੂਚ ਕੀਤਾ ਤੇ ਲੌਢੇ ਵੇਲੇ ਤਕ ਵਾਹੋਦਾਹੀ ਨੈਰੋਬੀ ਪਹੁੰਚ ਗਏ ।

( ਚ ਲ ਦਾ )

# ਚਾਰ ਰੁਬਾਈਆਂ

—ਚਰਨ ਸੀਚੇਵਾਲਵੀ

(੧) ਬਣਕੇ ਲੁਕਮਾਨ ਮੈਂ ਦੁਖੀਆ ਦਾ,
ਹਰ ਰੋਗ ਮਿਟਾਵਣ ਆਇਆ ਹਾਂ ।
ਮੁੜ ਡਿੱਗਿਆਂ, ਢੱਠਿਆਂ ਲੋਕਾਂ ਨੂੰ,
ਮੈਂ ਗਲੇ ਲਗਾਵਣ ਆਇਆ ਹਾਂ ।
ਮੈਂ ਮਾਣ ਹਾਂ ਕਿਧੇ ਨਿਮਾਣੇ ਦਾ,
ਮੈਂ ਤਾਣ ਹਾਂ ਕਿਸੇ ਨਿਤਾਣੇ ਦਾ—
ਮੈਂ ਯੁੱਗ-ਪਲਟਾਊ ਸ਼ਾਇਰ ਹਾਂ,
ਮੈਂ ਯੁੱਗ ਪਲਟਾਵਣ ਆਇਆ ਹਾਂ ।

( ) ਧਨ ਦੀ ਜਿਸਤੇ ਛਾਂ ਹੁੰਦੀ ਹੈ !
ਗੱਲ ਉਦ੍ਹੀ ਹਰ ਥਾਂ ਹੁੰਦੀ ਹੈ ।
ਏਧਰ, ਓਧਰ, ਓਧਰ, ਏਧਰ—
ਧਨ ਦੀ ਹੀ ਕਾਂ ਕਾਂ ਹੁੰਦੀ ਹੈ ।

(੩) ਰੱਬ ਰੱਬ ਕਰਦਾ ਪਾਗਲ ਹੋਇਆ,
ਰੱਬ ਨਾ ਕਿਤੇ ਥਿਆਇਆ ।
ਭੇਸ ਵਟਾ ਕੇ ਸਾਧੂ ਹੋਇਆ,
ਇਕ ਤ੍ਰਿਸ਼ਨਾ ਭਟਕਾਇਆ ।
ਆਪਣਾ ਮਨ ਇਕਾਗਰ ਕਰਕੇ,
ਜਿਸ ਵੀ ਝਾਤੀ ਮਾਰੀ—
ਹਾਜ਼ਰ ਨਾਜ਼ਰ ਆਪਣੇ ਅੰਦਰੋਂ,
ਉਸਨੂੰ ਨਜ਼ਰੀਂ ਆਇਆ ।

(੪) ਦਿਲ ਮੈਲੇ ਨੂੰ ਧੋਕੇ ਉਸਨੇ
ਨਿਰਮਲ ਆਪ ਬਣਾਇਆ ।
ਪੈਰਾਂ ਵਿਚ ਰੁਲਦੇ ਨੂੰ ਚੁੱਕ ਕੇ,
ਪਲਕਾਂ ਵਿਚ ਬਿਠਾਇਆ ।
ਆਪਣੇ ਦਿਲ ਦਾ ਚੋਲਾ ਤੂੰ ਵੀ,
ਜੇਕਰ ਰੰਗਣਾ ਚਾਹੇਂ—
ਪੁੱਛ ਲੈ ਉਸ ਲਲਾਰੀ ਕੋਲੋਂ,
ਜਿਸ ਇਹ ਰੰਗ ਚੜ੍ਹਾਇਆ ।

੪੨੮, ਗੁਰੂ ਨਾਨਕਪੁਰਾ (ਵੈਸਟ)
ਡਾਕ: ਚੌਗਿੱਟੀ, ਜਲੰਧਰ—੧੪੪੦੦੯



Sri Satguru Jagjit Singh Ji eLibrary NamdhariElibrary@gmail.com




ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

**ਡਾਲਟਨਗੰਜ (ਬਿਹਾਰ)**

**Namdhari Brothers**

**DALTON GANJ**

**(Bihar)**

Prop. :

S. AJIT SINGH NAMDHARI

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

**Makhan Singh Saggu**

**TECHNO INDUSTRIES**

ਟੈਕਨੋ ਇੰਡਸਟਰੀਜ਼

Manufacturers, Fabricators & Exporters

Industrial Chain Sprockets & Sugar Mill

Spares All Types of Graded Casting

& Machinery Parts

E. D. 311, Old Railway Road,

JALANDHAR-144001.





Sri Satguru Jagjit Singh Ji eLibrary NamdhariElibrary@gmail.com

# ਸੰਤ ਗਿਆਨ ਸਿੰਘ ਵੀਰੋਕੇ ਨਮਿਤ ਮੇਲਾ

ਹਰਿ ਕੇ ਸੇਵਕ ਜੋ ਹਰਿ ਭਾਏ
ਤਿਨ ਕੀ ਕਥਾ ਨਿਰਾਰੀ ਰੇ ॥

ਜਥੇਦਾਰ ਸੰਤ ਗਿਆਨ ਸਿੰਘ ਜੀ ਵੀਰੋਕੇ ਮਿਤੀ ੧੭ ਸਤੰਬਰ ੧੯੯੮ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਪਣੇ ਸਵਾਸ ਪੂਰੇ ਕਰ ਗਏ। ਅੰਤਮ ਦਿਨਾਂ ਵਿਚ ਸ੍ਰੀ ਸਤਿਗੁਰੂ ਜੀ ਉਹਨਾਂ ਨੂੰ ਨਿਵਾਸ ਪਿੰਡ ਬਹਾਦਰ ਸੈਨ (ਬਟਾਲਾ) ਤੋਂ ਸ੍ਰੀ ਭੈਣੀ ਸਾਹਿਬ ਲੈ ਆਏ ਸਨ। ਇਥੇ ਕਾਫੀ ਠੀਕ ਰਹੇ, ਬਚਨ ਬਲਾਸ ਚੰਗੇ ਭਲੇ ਕਰਦੇ ਰਹੇ। ਅੰਤਲੇ ਦਿਨਾਂ ਵਿਚ ਆਪ ਨੂੰ ਜ਼ਿਆਦਾ ਤਕਲੀਫ ਹੋਈ ਤੇ ਲੁਧਿਆਣਾ ਹਸਪਤਾਲ ਵਿਚ ਆਕਸੀਜਨ ਦੇ ਆਸਰੇ ਰਹੇ। ਭਾਵੇਂ ਇਹ ਹੀ ਅਨੁਮਾਨ ਸੀ ਕਿ ਆਕਸੀਜਨ ਦੇ ਉਤਰਦਿਆਂ ਹੀ ਆਪ ਸੁਆਸ ਛੱਡ ਜਾਣਗੇ ਪਰ ਸ੍ਰੀ ਭੈਣੀ ਸਾਹਿਬ ਵੀ ਆ ਕੇ ਆਪ ਦੇ ਸੁਆਸ ਚਲਦੇ ਰਹੇ ਅਤੇ ਆਪ ਅੱਖਾਂ ਦੁਆਰਾ ਪਰਿਵਾਰ ਨੂੰ ਦੇਖਦੇ ਰਹੇ। ਸ੍ਰੀ ਭੈਣੀ ਸਾਹਿਬ ਵਿਚ ਆਪ ਦੀ ਸਪੁੱਤਰੀ ਕਮਲਜੀਤ ਅਤੇ ਦਾਮਾਦ ਸ. ਜਸਵਿੰਦਰ ਸਿੰਘ (ਗਨਮੈਨ) ਦੇ ਘਰ ਹੀ ਆਪ ਨੇ ਸੁਆਸ ਛੱਡੇ। ਅਗਲੇ ਦਿਨ ੧੮ ਸਤੰਬਰ ਸਵੇਰੇ ੧੦ ਵਜੇ ਆਪ ਦੀ ਦੇਹ ਨੂੰ ਸਸਕਾਰ ਵਾਸਤੇ ਢੋਲਕ ਛੈਣਿਆਂ ਦੇ ਕੀਰਤਨ ਨਾਲ ਇਕ ਭਾਰੀ ਜਲੂਸ ਦੀ ਸ਼ਕਲ ਵਿਚ ਲਿਜਾਇਆ ਗਿਆ। ਇਸਤੋਂ ਪਹਿਲਾਂ ਘਰ ਵਿਚ ਲਗਾਤਾਰ ਕੀਰਤਨ ਹੀ ਹੁੰਦਾ ਰਿਹਾ। ਜਿਥੇ ਜਿਥੇ ਵੀ ਖਬਰ ਪੁੱਜ ਸਕੀ ਦੂਰ ਦੂਰ ਤੋਂ ਸੰਗਤਾਂ ਇਸ ਸਮੇਂ ਪੁਜ ਗਈਆਂ। ਸਾਲਾਨਾ ਜੱਪ ਪਰਯੋਗ ਸ਼ੁਰੂ ਹੋ ਜਾਣ ਕਾਰਨ ਸੰਗਤਾਂ ਪਹਿਲਾਂ ਵੀ ਪੁੱਜੀਆ ਹੋਈਆਂ ਸਨ।

## ਅੰਤਮ ਸਫਰ

ਅੰਤਮ ਸਫਰ ਵਿਚ ਨਾਮਧਾਰੀ ਪੰਥ ਦੇ ਪ੍ਰਸਿੱਧ ਜਥੇਦਾਰ ਸਾਹਿਬਾਨ ਸ੍ਰੀਮਾਨ ਪੰਡਿਤ ਗੋਪਾਲ ਸਿੰਘ ਜੀ, ਜਥੇਦਾਰ ਅਜੈਬ ਸਿੰਘ, ਜਥੇਦਾਰ ਇਕਬਾਲ ਸਿੰਘ, ਜਥੇਦਾਰ ਸੁਦਰਸ਼ਨ ਸਿੰਘ ਅਮਰਾਸਰ, ਸੂਬਾ ਸੇਵਾ ਸਿੰਘ ਜਗਾਧਰੀ, ਜਥੇਦਾਰ ਗੁਰਦੀਪ ਸਿੰਘ, ਸੂਬਾ ਹਰਬੰਸ ਸਿੰਘ ਦੋਸ਼ੀ, ਸੂਬਾ ਅਜੀਤ ਸਿੰਘ ਬਟਾਲਾ, ਸੰਤਾਂ ਦੇ ਸਪੁੱਤਰ ਸ. ਗੁਰਬਚਨ ਸਿੰਘ, ਸੰਤ ਸਾਧਾ ਸਿੰਘ ਮਸ਼ਾਣੀਆਂ (ਨੌਸ਼ਹਿਰੇ ਵਾਲੇ) ਅਤੇ ਹੋਰ ਜਥੇਦਾਰ, ਕੀਰਤਨਕਾਰ ਅਤੇ ਸੰਗਤਾਂ ਹੁਮ ਹੁਮਾ ਕੇ ਵੈਰਾਗਮਈ ਸ਼ਬਦ ਪੜ੍ਹਦੀਆਂ ਸ਼ਾਮਲ ਹੋਈਆਂ। ਸ੍ਰੀ ਭੈਣੀ ਸਾਹਿਬ ਦੇ ਨਵੀਨ ਸ਼ਮਸ਼ਾਨ ਘਾਟ ਤੇ ਜਾ ਕੇ ਵੀ ਮੁੜ ਭਾਰੀ ਦੀਵਾਨ ਲਗੇ ਰਹੇ। ਇਸ ਬਾਦ ਸ਼ਰਧਾਂਜਲੀ ਸਮਾਗਮ ਵੀ ਹੋਇਆ। ਸੁੱਕੇ ਹੰਝੂਆਂ ਨਾਲ ਭਾਣਾ ਮੰਨਦਿਆਂ ਸੰਤਾਂ ਦੀ ਕੀਰਤੀ ਨੂੰ ਯਾਦ ਕੀਤਾ ਗਿਆ। ਉਹਨਾਂ ਦੇ ਅਨੇਕ ਗੁਣਾਂ ਨੂੰ ਸਿਮਰਦਿਆਂ ਜਥੇਦਾਰ ਇਕਬਾਲ ਸਿੰਘ ਜੀ ਨੇ ਕਿਹਾ ਕਿ ਜਥੇਦਾਰ ਗਿਆਨ ਸਿੰਘ ਜੀ ਦਾ ਜੀਵਨ ਏਨਾ ਪਾਕ ਪਵਿੱਤਰ ਸੀ ਕਿ ਉਹਨਾਂ ਵਲ ਕੋਈ ਉਂਗਲ ਨਹੀਂ ਕਰ ਸਕਦਾ। ਜਥੇਦਾਰ ਸੁਦਰਸ਼ਨ ਸਿੰਘ, ਜਥੇਦਾਰ ਗੁਰਦੀਪ ਸਿੰਘ, ਸੂਬਾ ਹਰਬੰਸ ਸਿੰਘ ਦੋਸ਼ੀ, ਜਗਦੀਸ਼ ਸਿੰਘ ਸੰਪਾਦਕ ਵਰਿਆਮ, ਜਥੇਦਾਰ ਅਜੈਬ ਸਿੰਘ ਜੀ ਨੇ ਭਾਵਭਿੰਨੀਆਂ ਸ਼ਰਧਾਂਜਲੀਆਂ ਅਰਪਿਤ ਕੀਤੀਆਂ। ਹਰ ਇਕ ਦੇ ਕੋਲ ਹੀ ਸੰਤ ਗਿਆਨ ਸਿੰਘ ਜੀ ਬਾਰੇ ਕਹਿਣ ਨੂੰ ਬਹੁਤ ਕੁਝ ਸੀ।

## ਜਥੇਦਾਰਾਂ ਦੇ ਦੀਵਾਨ

ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸੰਤਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ੨ ਅਕਤੂਬਰ ੧੯੯੮ ਨੂੰ ਹਰੀ ਮੰਦਰ ਸ੍ਰੀ ਭੈਣੀ ਸਾਹਿਬ ਵਿਚ ਪਾਇਆ ਗਿਆ। ਇਸ ਦਿਨ ਬਹੁਤ ਭਾਰੀ ਮੇਲਾ ਹੋਇਆ। ੧ ਅਕਤੂਬਰ ਰਾਤ ਨੂੰ ਹੀ ਜਸਵਿੰਦਰ ਸਿੰਘ ਹੋਰਾਂ ਦੇ ਗ੍ਰਿਹ ਵਿਖੇ ਭਾਰੀ ਦੀਵਾਨ ਲਗੇ ਰਹੇ। ਜਥੇਦਾਰ ਨਿਰਮਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਕਿਹਾ ਕਿ ਜਥੇਦਾਰ ਗਿਆਨ ਸਿੰਘ ਨਾਮਧਾਰੀ ਪੰਥ ਦੇ ਚੋਟੀ ਦੇ ਜਥੇਦਾਰ ਸਨ। ਸੰਤ ਬਲੀ ਸਿੰਘ ਰਾਮਪੁਰ ਨੇ ਸ਼ਬਦ ਪੜ੍ਹਿਆ : "ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥"

## ਜਥੇਦਾਰ ਗੁਰਦੀਪ ਸਿੰਘ

ਜਥੇਦਾਰ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਨਾਮਧਾਰੀ ਪੰਥ ਦੇ ਉੱਚ-ਕੋਟੀ ਦੇ ਗਾਉਣ ਵਾਲੇ, ਡੂੰਘਾਈ ਵਿਚ ਜਾਣ ਵਾਲੇ ਜਦੇਦਾਰ ਸਨ। ਸਿਆਣੇ ਬੰਦੇ ਉਹਨਾਂ ਨੂੰ ਸਮਝ ਸਕਦੇ ਸਨ। ਧੰਨ ਸਤਿਗੁਰੂ ਜਗਜੀਤ ਸਿੰਘ ਜੀ ਕਹੋ ਜਿਨ੍ਹਾਂ ਨੇ ਅੰਤਮ ਵੇਲੇ ਜਥੇਦਾਰਾਂ ਬਜ਼ੁਰਗਾ ਵਿਦਵਾਨਾਂ ਨੂੰ ਸੰਭਾਲਿਆ। ਜਥੇਦਾਰ ਜੀ ਨੇ ਦੀਵਾਨ ਨਾਲ ਬਹੁਤ ਲੋਕਾਂ ਨੂੰ ਪ੍ਰਭਾਵਿਤ ਕੀਤਾ।

## ਜਥੇਦਾਰ ਸੁਖਦਰਸ਼ਨ ਸਿੰਘ

ਜਥੇਦਾਰ ਸੁਖਦਰਸ਼ਨ ਸਿੰਘ ਅਮਰਾਸਰ ਸਿਰਸਾ ਵਾਲਿਆਂ ਆਖਿਆ ਕਿ ਸੰਤਾਂ ਦੀ ਮਾਤਾ ਕਰਮ ਕੌਰ ਨੂੰ ਧੰਨ ਕਹੋ ਜਿਸ ਨੇ ਸੰਤਾਂ ਨੂੰ ਰਸਤਾ ਵਿਖਾਇਆ। ਆਹ ਜੋ ਜਸ ਹੋ ਰਿਹਾ ਹੈ ਇਹ ਸਾਰਾ ਮਾਤਾ ਕਰਮ ਕੌਰ ਕਰਕੇ ਹੈ।



Sri Satguru Jagjit Singh Ji eLibrary NamdhariElibrary@gmail.com

ਜਥੇਦਾਰ ਜੀ ਵਿਚ ਗੁਣ ਹੀ ਗੁਣ ਸਨ। ਉਹਨਾਂ ਦਾ ਸਰੀਰ, ਮਿਹਨਤ, ਜੱਪ ਤਪ, ਅਡੋਲਤਾ, ਬਿਰਤੀ, ਨਿਜੀ ਜੀਵਨ, ਵਿਦਿਆ, ਰਾਗ, ਕੀਰਤਨ, ਪਰਚਾਰ, ਨਿਰਮਾਨਤਾ, ਨਿਰਮਲਤਾ—ਜਿੰਨੇ ਮਰਜ਼ੀ ਗੁਣ ਗਿਣੀ ਜਾਵੋ। ਸੰਤਾਂ ਨੇ ਮੇਰੇ ਤੇ ਵੀ ਕਿਰਪਾ ਕੀਤੀ। ਉਹਨਾਂ ਧਾਰਨ ਪੜ੍ਹੀ—"ਸਭ ਦੁਨੀਆ ਮਰਦੀ ਏ ਸੰਤ ਨਹੀਂ ਮਰਦੇ..."।

### ਸੂਬਾ ਸੇਵਾ ਸਿੰਘ

ਸੂਬਾ ਸੇਵਾ ਸਿੰਘ ਜੀ ਨੇ ਪੜ੍ਹਿਆ "ਓਹ ਸਦਾ ਜੀਉਂਦੇ ਨੇ ਸੰਤ ਨਹੀਂ ਮਰਦੇ..."। ਸੰਤਾਂ ਦੇ ਅਨੇਕ ਗੁਣ ਆਪ ਨੇ ਗੁਰਬਾਣੀ ਦੇ ਪ੍ਰਮਾਣਾਂ ਸਹਿਤ ਦੱਸੇ। ਉਹਨਾਂ ਸੰਤਾਂ ਦੇ ਜੀਵਨ ਨੂੰ ਇਕ ਖੁਸ਼ਬੋ ਵਾਲੀ ਸੈਂਟ ਦੀ ਸ਼ੀਸ਼ੀ ਨਾਲ ਤੁਲਨਾ ਦਿੰਦਿਆਂ ਕਿਹਾ ਕਿ ਸੈਂਟ-ਅਤਰ ਦੀ ਸ਼ੀਸ਼ੀ 'ਚੋਂ ਸਦਾ ਮਹਿਕ ਹੀ ਆਉਂਦੀ ਹੈ, ਪਰ ਜਦੋਂ ਉਹ ਸ਼ੀਸ਼ੀ ਟੁੱਟ ਜਾਂਦੀ ਹੈ ਤਾਂ ਮਹਿਕ ਸਾਰੇ ਵਾਯੂ ਮੰਡਲ ਵਿਚ ਫੈਲ ਜਾਂਦੀ ਹੈ। ਇਵੇਂ ਹੀ ਸੰਤ ਗਿਆਨ ਸਿੰਘ ਜੀ ਦੀ ਮਹਿਕ ਸਾਰੇ ਹੀ ਵਾਯੂਮੰਡਲ ਵਿਚ ਘੁਲ ਗਈ ਹੈ।

### ਸਪੁੱਤਰ ਵਲੋਂ ਧੰਨਵਾਦ

ਸੰਤ ਗਿਆਨ ਸਿੰਘ ਜੀ ਦੇ ਸਪੁਤਰ ਸ. ਗੁਰਬਚਨ ਸਿੰਘ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਸੰਤਾਂ ਦੇ ਜੀਵਨ ਫ਼ਲਸਫ਼ੇ ਨੂੰ ਦਰਸਾਉਂਦਾ ਫ਼ਰੀਦ ਜੀ ਦਾ ਸਲੋਕ ਗਾ ਕੇ ਪੜ੍ਹਿਆ —"ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥" ਗੁਰਬਚਨ ਸਿੰਘ ਜੀ ਨੇ ਸੰਤਾਂ ਦਾ ਜੀਵਨ ਇਤਿਹਾਸ ਆਪਣੇ ਪੁਰਾਣੇ ਪਿੰਡ ਵੀਰੋਕੇ ਤੋਂ ਸ਼ੁਰੂ ਕੀਤਾ। ਉਥੇ ਗੁਰੂ ਹਰੀ ਸਿੰਘ ਜੀ ਦੇ ਵੇਲੇ ਦੌਰ ਦਾ ਹਾਲ ਦੱਸਦਿਆ ਆਪਣੇ ਦਾਦਾ ਜੀ ਦੇ ਭਜਨ ਪੁਛਣ ਤੋਂ ਲੈ ਕੇ ਸਾਰੀ ਵਾਰਤਾ ਸੁਣਾਈ। ਬਹੁਤ ਭਾਵ-ਭਿੰਨੇ ਅਤੇ ਵੈਰਾਗਮਈ ਸਬਦਾਂ ਵਿਚ ਆਪਣੀ ਦਾਦੀ, ਸੰਤ ਗਿਆਨ ਸਿੰਘ ਜੀ ਦੀ ਮਾਤਾ ਦੀ ਘਾਲਣਾ ਦਾ ਜ਼ਿਕਰ ਕਰਦਿਆਂ ਦਸਿਆ ਕਿ "ਉਸ ਮਾਤਾ ਨੇ ਆਪ ਬਹੁਤ ਦੁਖ ਸਹਿ ਕ ਉਹਨਾਂ ਨੂੰ ਪਾਲਿਆ, ਉਹਨਾਂ ਵਿਚ ਐਹੋ ਜਿਹੀ ਸਿਖਿਆ ਅਤੇ ਜਰਨ ਸ਼ਕਤੀ ਭਰੀ, ਜਿਸ ਦੀ ਮਿਸਾਲ ਨਹੀਂ ਮਿਲਦੀ। ...ਮੇਰੇ ਨਾਲ ਪਿਤਾ ਜੀ ਨੇ ਬੈਠ ਕੇ ਸਾਰੀ ਸਾਰੀ ਰਾਤ ਬਚਨ ਕਰਦੇ ਰਹਿਣਾ। ਉਹਨਾਂ ਕਹਿਣਾ ਕਿ ਮੈਂ ਤੈਨੂੰ ਇਸ ਕਰਕੇ ਨਹੀਂ ਸੁਣਾ ਰਿਹਾ ਕਿ ਇਹ ਮੇਰੇ ਤੇ ਬੀਤਿਆ ਹੈ। ਏਸ ਕਰਕੇ ਸੁਣਾ ਰਿਹਾ ਹਾਂ ਕਿ ਐਨਾ ਕੁਝ ਵੀ ਤੇਰੇ ਤੇ ਬੀਤ ਜਾਏ ਤਾਂ ਜਰ ਜਾਈਂ। ਏਦੋਂ ਵੱਧ ਵੀ ਬੀਤੇ ਤਾਂ ਮੇਰਾ ਪੁੱਤਰ ਏਂ ਜਰ ਜਾਈਂ... ਪੁੱਤਰ ਇਸ ਦੇਹ ਨੇ ਸਦਾ ਨਹੀਂ ਰਹਿਣਾ...ਕਿਸੇ ਦੀ ਵੀ ਨਹੀਂ ਰਹੀ। ਉਹ ਏਹੋ ਜਿਹੇ ਸੰਤ ਸਨ ਜਿਹਨਾਂ ਨੇ ਦੁਨੀਆਦਾਰੀ ਵੀ ਠੀਕ ਢੰਗ ਨਾਲ ਨਿਭਾਈ ਅਤੇ ਸਤਿਗੁਰਾਂ ਵਾਲਾ ਪਾਸਾ ਵੀ ਅੰਤਮ ਸੁਆਸਾਂ ਤਕ ਨਿਭਾਇਆ, ਉਹਨਾਂ ਦੇ ਮਨ ਵਿਚ ਸਦਾ ਇਹ ਹੀ ਗੱਲ ਰਹੀ ਕਿ ਕਿਸੇ ਤਰ੍ਹਾਂ ਸਤਿਗੁਰਾਂ ਤੋਂ ਪਿਛੇ ਨਾ ਹਟ ਜਾਵਾਂ। ਮੇਰੇ ਕੋਲੋਂ ਐਹੋ ਜਿਹਾ ਕੰਮ ਨਾ ਹੋ ਜਾਵੇ, ਜਿਸ ਨਾਲ ਮੇਰੇ ਗੁਰੂ ਮੇਰੇ ਪੰਥ ਨੂੰ ਆਂਚ ਆਵੇ।

ਸ਼ਾਇਰ ਨੇ ਕਿਹਾ, "ਆਜ ਹਜੂਮੇ ਬੁਲਬੁਲ ਦੇਖਾ" ਕਿਸੇ ਨੇ ਪੁਛਿਆ ਕਿ ਬੁਲਬੁਲ ਇਕ ਨਹੀਂ ਲਭਦੀ...ਤੂੰ ਬੁਲਬੁਲਾਂ ਦਾ ਹਜੂਮ ਕਿਥੋਂ ਲੱਭ ਲਿਐ? ਉਸ ਨੇ ਉੱਤਰ ਦਿਤਾ—

ਕੀਆ ਗੁਲ ਨੇ ਜੋ ਜਮਾਲ ਪੈਦਾ
ਕਮੀ ਨਹੀਂ ਕਦਰਦਾਨੋਂ ਕੀ ਐ ਅਕਬਰ
ਕਰੇ ਜੋ ਕੋਈ ਕਮਾਲ ਪੈਦਾ!

ਜਥੇਦਾਰ ਤਾਂ ਇਕ ਹੀ ਸੱਦਣਾ ਮੁਸ਼ਕਲ ਹੁੰਦਾ ਹੈ, ਅੱਜ ਇਥੇ ਜਥੇਦਾਰਾਂ ਦਾ ਹਜੂਮ ਹੈ। ਇਹ ਉਹਨਾਂ ਸੰਤਾਂ ਦਾ ਜਮਾਲ ਤੇ ਕਮਾਲ ਸੀ ਕਿ ਏਨੇ ਕਦਰਦਾਨ ਆਏ ਨੇ। ਮੈਂ ਤੁਹਾਡਾ ਬੱਚਾ ਹੋਣ ਦੇ ਨਾਤੇ ਸਾਰਿਆਂ ਦਾ ਧੰਨਵਾਦ ਕਰਦਾ ਹਾਂ।

### ਮੁੜ ਦੀਵਾਨ

ਸੂਬਾ ਕਰਤਾਰ ਸਿੰਘ ਹੋਠੀਆਂ ਨੇ ਕਿਹਾ ਕਿ ਸੰਤ ਗਿਆਨ ਸਿੰਘ, ਗਿਆਨ ਦਾ ਸਮੁੰਦਰ ਸਨ। ਇਹਨਾਂ ਕੋਲੋਂ ਸਾਖੀਆਂ, ਨੀਤੀ ਸ਼ਾਸਤਰ ਧਰਮ ਸ਼ਾਸਤਰ, ਜਾਂ ਗੁਰਬਾਣੀ ਦੀ ਕਿਸੇ ਵੀ ਪੰਗਤੀ ਦੇ ਅਰਥ ਪੁਛਦੇ ਤਾਂ ਉੱਤਰ ਮਿਲ ਜਾਂਦਾ।

ਜਥੇਦਾਰ ਜੋਗਾ ਸਿੰਘ ਦਿੱਲੀ ਨੇ ਸੰਤਾਂ ਦੀ ਗੁਰਬਾਣੀ ਵਿਆਖਿਆ ਦੀਆਂ ਮਿਸਾਲਾਂ ਦਿੰਦਿਆਂ ਉਹਨਾਂ ਦੇ ਬਚਨ ਸੁਣਾਏ। ਸੰਤ ਸਾਧਾ ਸਿੰਘ ਮਸ਼ਾਣੀਆਂ (ਕਿਲੇ ਵਾਲੇ ਸੰਤਾਂ ਦੇ ਸੇਵਕ) ਨੇ ਕਿਹਾ ਕਿ ਜਥੇਦਾਰ ਗਿਆਨ ਸਿੰਘ ਨੇ ਨਾਮ ਬਾਣੀ ਅਤੇ ਗੁਰਾਂ ਨਾਲ ਜੋੜਿਆ। ਉਹ ਆਪ ਮੁਕਤ ਸਨ ਅਤੇ ਉਹਨਾਂ ਨੇ ਸੰਸਾਰ ਨੂੰ ਮੁਕਤ ਕੀਤਾ।

ਸੰਤ ਚੰਨਣ ਸਿੰਘ ਚੰਡੀਗੜ੍ਹ ਹੋਰਾਂ ਕਿਹਾ ਕਿ ਜਥੇਦਾਰ ਗਿਆਨ ਸਿੰਘ ਜੀ ਦੀ ਯਾਦ ਆਉਂਦਿਆਂ ਉਹ ਗੀਤਾਂ ਯਾਦ ਆਉਂਦੀਆਂ ਨੇ। ਉਹਨਾਂ ਕਿਹਾ ਉਹਨਾਂ ਦੇ ਪਿੰਡ ਲੋਕ ਸ਼ਰਾਬ ਨਹੀਂ ਸਨ ਛਡਦੇ ਜਥੇਦਾਰ ਗਿਆਨ ਸਿੰਘ ਜੀ ਦੇ



Sri Satguru Jagjit Singh Ji eLibrary NamdhariElibrary@gmail.com

ਦੀਵਾਨ ਨਾਲ ਸਾਰਾ ਪਿੰਡ ਹੀ ਛੱਡ ਗਿਆ। ਚੰਡੀਗੜ੍ਹ ਵਿਚ ਉਹਨਾਂ ਦੇ ਦੀਵਾਨ ਨੇ ਸਭ ਨੂੰ ਮੋਹਿਤ ਕਰ ਦਿਤਾ। ਸੂਬਾ ਕਰਤਾਰ ਸਿੰਘ ਮੰਡੀ ਨੇ ਆਖਿਆ ਕਿ ਸੰਤਾਂ ਦੀਆਂ ਯਾਦਾਂ ਸਾਡਾ ਜੀਵਨ ਹੈ ਸਾਡੀ ਯਾਦਗਾਰ ਹੈ। ਜਥੇਦਾਰ ਗੁਰਬਚਨ ਸਿੰਘ ਚਰਾਂਦ ਨੇ ਕਿਹਾ ਕਿ ਅਜਿਹੇ ਸਤ ਕੁਲਾਂ ਦਾ ਉਧਾਰ ਕਰ ਦਿੰਦੇ ਹਨ।

## ਸੂਬਾ ਹਰਬੰਸ ਸਿੰਘ

ਸੰਤ ਗਿਆਨ ਸਿੰਘ ਜੀ ਅਤਿ ਨਿਕਟਵਰਤੀ ਪਿਆਰੇ ਅਤੇ ਅੰਗਸੰਗੀ ਸੂਬਾ ਹਰਬੰਸ ਸਿੰਘ ਦੋਸ਼ੀ ਨੇ ਕਿਹਾ ਕਿ ਸੰਤਾਂ ਨੇ ਆਪਣੀ ਥਾਂ ਹਰ ਇਕ ਦਿਲ ਵਿਚ ਬਣਾਈ ਹੋਈ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਨੂੰ ਅਗੇ ਵੀ ਅਥਾਹ ਪਿਆਰ ਦਿਤੈ ਪਰ ਆਹ ਜਿਹੜੇ ਅੰਤਲੇ ਢਾਈ ਮਹੀਨੇ ਸਤਿਗੁਰਾਂ ਨੇ ਪਿਆਰ ਦਿਤੇ ਇਹ ਅਭੁਲਵਾਂ ਹੈ। ਸਤਿਗੁਰੂ ਅੰਤਰਯਾਮੀ ਹੁੰਦੇ। ਉਹਨਾਂ ਨੂੰ ਪਤਾ ਸੀ ਕਿ ਇਹਨਾਂ ਦਾ ਸਮਾਂ ਨੇੜੇ ਆਇਐ...ਅਗੇ ਸੂਬਾ ਜੀ ਨੇ ਸਤਿਗੁਰੂ ਜੀ ਵਲੋਂ ਜਥੇਦਾਰ ਸਾਹਿਬ ਨੂੰ ਪਿੰਡ ਤੋਂ ਸ੍ਰੀ ਭੈਣੀ ਸਾਹਿਬ ਲਿਆਉਣ ਦੀ ਸਾਰੀ ਵਾਰਤਾ ਪਰੇਮ ਨਾਲ ਸੁਣਾਈ। ਉਹਨਾਂ ਕਿਹਾ ਕਿ ਸਤਿਗੁਰੂ ਜੀ ਨੇ ਕ੍ਰਿਸ਼ਨ ਸੁਦਾਮੇ ਵਾਲੀ ਗੱਲ ਸਾਕਾਰ ਕਰ ਦਿਤੀ ਹੈ।

## ਜਥੇਦਾਰ ਇਕਬਾਲ ਸਿੰਘ

੨ ਅਕਤੂਬਰ ਨੂੰ ਵੀ ਹਰੀ ਮੰਦਰ ਵਿਚ ਭਰੇ ਹੋਏ ਦੀਵਾਨ ਵਿਚ ਜਥੇਦਾਰ ਇਕਬਾਲ ਸਿੰਘ ਨੇ ਵੀ "ਤਿਨ ਕੀ ਕਥਾ ਨਿਰਾਰੀ ਰੇ" ਦੇ ਪ੍ਰਸੰਗ ਵਿਚ ਰਾਜਾ ਯੁਧਿਸ਼ਟਰ ਵਲੋਂ ਭੀਲ ਲੜਕੀ ਦੀ ਸੇਵਾ ਕਰਨ ਉਪਰੰਤ ਮਨ-ਇੱਛਤ ਵਿਸ਼ੇਸ਼ਨ ਸ੍ਰੀ ਕ੍ਰਿਸ਼ਨ ਜੀ ਤੋਂ 'ਭਗਤ' ਕਹਾਉਣ ਦੀ ਗੱਲ ਕਹੀ। ਇਸੇ ਪ੍ਰਸੰਗ ਵਿਚ ਉਹਨਾਂ ਸੰਤ ਵੀਰ ਸਿੰਘ ਲੋਪੋਕੇ ਵਲੋਂ ਇਕਲੌਤੇ ਬੱਚੇ ਦੀ ਮੌਤ ਤੇ ਲਾਸ਼ ਘਰ ਰੱਖ ਕੇ ਗਵਾਂਢ ਵਿਚ ਲੜਕੀ ਦੇ ਅਨੰਦ ਕਾਰਜ ਅਤੇ ਡੋਲੀ ਤੋਂ ਬਾਅਦ ਇਹ ਖਬਰ ਬਾਹਰ ਕੱਢਣ ਦੀ ਕਥਾ ਸੁਣਾਈ। ਸੰਤ ਅਜੀਤ ਸਿੰਘ ਡਾਲਟਨ ਗੰਜ ਵਲੋਂ ਇਕਲੌਤੇ ਪੁਤਰ ਦੀ ਮੌਤ ਤੇ ਰੋਣਾ ਬੰਦ ਕਰਕੇ ਆਪ ਢੋਲਕ ਵਜਾ ਕੇ ਸਸਕਾਰ ਲਈ ਲਿਜਾਣ ਦੀ ਕਥਾ ਦੱਸੀ। ਮੋਹ ਮਮਤਾ ਤ੍ਰਿਸ਼ਨਾ ਨੂੰ ਤਿਆਗਕੇ ਗੁਰੂ ਹੁਕਮ ਜਾਂ ਭਾਣੇ ਨੂੰ ਮੰਨਣ ਦੇ ਪ੍ਰਸੰਗ ਵਿਚ ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਦੀ ਬਾਤ ਦੱਸੀ, ਜਿਨ੍ਹਾਂ ਆਪਣੇ ਛੋਟੇ ਪੁਤਰ ਦੇ ਚੜ੍ਹਾਈ ਕਰ ਜਾਣ ਤੇ ਭਾਣਾ ਮੰਨਦਿਆਂ ਮਿਸਾਲ ਪੇਸ਼ ਕੀਤੀ।

ਸੰਤ ਗਿਆਨ ਸਿੰਘ ਜੀ ਦੇ ਨਿਜੀ ਜੀਵਨ ਵਿਚੋਂ ਉਹਨਾਂ ਅਨੇਕਾਂ ਮਿਸਾਲਾਂ ਦਿਤੀਆਂ। ਉਹਨਾਂ ਕਿਹਾ ਅਸੀਂ ਸੰਤਾਂ ਨਾਲ ਛੈਣੇ ਵਜਾਉਂਦੇ ਹੁੰਦੇ ਸਾਂ, ਉਹਨਾਂ ਕਹਿਣਾ—ਮੇਰੇ ਲਾਗੇ ਰਿਹਾ ਕਰੋ, ਬਾਜ਼ਾਰਾਂ 'ਚ ਨਾ ਘੁੰਮਿਆ ਕਰੋ। ਪਰਾਏ ਧਨ ਛੋਟੇ ਤੋਂ ਛੋਟੇ ਨੂੰ ਵੀ ਉਹ ਨਹੀਂ ਸੀ ਲਲ-ਚਾਉਂਦੇ। ਉਹ ਭੈਣ ਨੂੰ ਭੈਣ ਮਾਂ ਨੂੰ ਮਾਂ ਸਮਝਦੇ ਸਨ। ਉਹ ਨੇਕੀ ਦੀ ਗੰਢ ਪਾ ਗਏ ਹਨ। ਰਹਿੰਦੀ ਦੁਨੀਆ ਤਕ ਉਹਨਾਂ ਦਾ ਨਾਂਅ ਰਹੇਗਾ। ਉਹਨਾਂ ਦੀ ਸੋਭਾ ਤਾਰਿਆਂ ਵਿਚ ਚੰਦਰਮਾ ਦੀ ਸੋਭਾ ਵਾਂਗ ਰਹੇਗੀ। ਉਹ ਗੁਰੂ ਦੇ ਭਾਣੇ ਵਿਚ ਰਹੇ ਇਸੇ ਕਰਕੇ ਜੀਵਨ ਮੁਕਤੀ ਪਾ ਗਏ। ਬਹੁਤ ਵਿਦਵਾਨ ਹੋਣਗੇ, ਪਰ ਸੰਤ ਗਿਆਨ ਸਿੰਘ ਨਹੀਂ ਜੰਮਣੇ। ਅੰਤ ਉਤੇ ਉਹਨਾਂ ਪੜ੍ਹਿਆ 'ਤੂ ਨਹੀਂ ਤਾਂ ਤੇਰੀਆਂ ਯਾਦਾਂ ਸਹੀ, ਯਾਦਾਂ ਦੇ ਸਹਾਰੇ ਜੀ ਲਾਂਗੇ।'...

## ਜਥੇਦਾਰ ਅਜੈਬ ਸਿੰਘ

ਦੇਸ ਪ੍ਰਦੇਸ ਵਿਚ ਪ੍ਰਸਿਧ ਜਥੇਦਾਰ ਅਜੈਬ ਸਿੰਘ ਸੰਤਾਂ ਦੇ ਪ੍ਰਮੁਖ ਸ਼ਾਗਿਰਦ ਵੀ ਹਨ ਅਤੇ ਰਿਸ਼ਤੇ ਵਿਚ ਭਤੀਜੇ ਵੀ ਅਤੇ ਕੀਰਤਨ ਵਿਖਿਆਨ ਵਿਚ ਵੀ ਉਹਨਾਂ ਨਵੀਆਂ ਪੈੜਾਂ ਪਾਈਆਂ ਹਨ। ਉਹਨਾਂ ਨੇ ਭਾਵੁਕ ਵੀ ਤੇ ਭਾਵਪੂਰਤ ਸ਼ਬਦਾਂ ਵਿਚ ਵੀ ਸੰਤਾਂ ਦੇ ਜਸ ਦਾ ਬਿਖਾਨ ਕੀਤਾ। ਉਹਨਾਂ ਕਿਹਾ ਕਿ ਸੰਤਾਂ ਦੇ ਜਾਣ ਦਾ ਜਿਥੇ ਅਫਸੋਸ ਹੈ ਉਥੇ ਤਸੱਲੀ ਵੀ ਹੈ ਕਿ ਉਹਨਾਂ ਤੋਂ ਕਈਆਂ ਸਜਨਾਂ ਨੇ ਸੇਧ ਪ੍ਰਾਪਤ ਕੀਤੀ। ਉਹਨਾਂ ਦੀਆਂ ਧਾਰਨਾਂ ਪੜ੍ਹਦੇ ਹਨ, ਉਹਨਾਂ ਦੀਆਂ ਦੀਆਂ ਕਹੀਆਂ ਗੱਲਾਂ ਨੂੰ ਉਹ ਮੈਦਾਨ ਵਿਚ ਪੇਸ਼ ਕਰਦੇ ਸਨ। ਇਸ ਵਾਸਤੇ ਉਹ ਸਦਾ ਜਿਊਂਦੇ ਹਨ। ਉਹ ਗਏ ਨਹੀਂ...ਮੈਂ ਸਦਾ ਉਹਨਾਂ ਦੇ ਬਚਨ ਕਰਦਾ ਹੀ ਰਹਿੰਦਾ ਹਾਂ। ਉਹ ਹਰ ਗੱਲ ਵਿਚ ਮੇਰੇ ਨਾਲ ਖੜ੍ਹੇ ਹੁੰਦੇ ਨੇ। ਓਹਨਾਂ ਨੇ ਇਕ ਬਚਨ ਸੂਬਾ ਹਰਬੰਸ ਸਿੰਘ ਜੀ ਨੂੰ ਕਿਹਾ ਸੀ ਕਿ ਮੇਰਾ ਦਿਲ ਕਰਦੈ ਮੇਰੇ ਕੋਲ ਜੋ ਕੁਝ ਹੈ ਮੈਂ ਵਧ ਤੋਂ ਵਧ .. ਸਭ ਕੁਝ ਅਜੈਬ ਸਿੰਘ ਨੂੰ ਦੇ ਦਿਆਂ। ਪਰ ਸਾਡਾ ਏਨਾ ਬਰਤਨ, ਝੋਲੀ, ਹਿੰਮਤ ਨਹੀਂ ਸੀ ਕਿ ਉਹਨਾਂ ਕੋਲੋਂ ਏਨਾ ਕੁਝ ਲੈ ਸਕਦੇ। ਸਿਆਣਿਆਂ, ਸਤਿ ਪੁਰਖਾਂ ਨੇ ਜ਼ਿੰਦਗੀ ਤਿੰਨ ਪ੍ਰਕਾਰ ਦੀ ਲਿਖੀ ਹੈ—ਸਰੀਰ, ਸ਼ਬਦ ਤੇ ਕਰਮ। ਸੰਤ ਗਿਆਨ ਸਿੰਘ ਜੀ ਇਹਨਾਂ ਤਿੰਨਾਂ ਵਿਚ ਹੀ ਵਿਸ਼ੇਸ਼ ਸਨ। ਜਥੇਦਾਰ ਜੀ ਦੀ ਮਾਤਾ ਕਰਮ ਕੌਰ ਦਾ ਜਾਮਾ ਭਾਵੇਂ



Sri Satguru Jagjit Singh Ji eLibrary NamdhariElibrary@gmail.com

ਇਸਤਰੀ ਦਾ ਸੀ, ਪਰ ਕਰਮ ਉਹਨਾਂ ਦਾ ਮਰਦਾਂ ਵਾਲਾ ਸੀ। ਉਹਨਾਂ ਨੇ ਜਥੇਦਾਰ ਜੀ ਨੂੰ ਹੀ ਸਤਿਗੁਰਾਂ ਦੇ ਲੜ ਲਾਇਆ।

ਸੰਤ ਗਿਆਨ ਸਿੰਘ ਜੀ ਨੇ ਮੈਨੂੰ ਬਹੁਤ ਦਿਤਾ ਹੈ। ਮੇਰੀ ਬਚਪਨ ਤੋਂ ਹੀ ਲਗਨ ਏਧਰ ਲਗ ਗਈ ਸੀ। ਉਹਨਾਂ ਮੈਨੂੰ ਤਬਲਾ ਸਿਖਾਇਆ ਪਾਕਿਸਤਾਨ ਵਿਚ। ਉਹ ਜਿਹੜੀਆਂ ਤਾਰਾਂ (ਤਾਲਾਂ) ਕੱਢੀਆਂ ਨੇ ਮੈਨੂੰ ਸਾਰੀਆ ਯਾਦ ਨੇ। ਮੇਰਾ ਮੁੱਢ ਐਸਾ ਭਰ ਦਿਤਾ, ਵਾਰ ਵਿਚ ਗਾਉਣਾ, ਲੈਅ ਵਿਚ ਰਹਿਣਾ। ਕਿਸ ਤਰ੍ਹਾਂ ਦੀ ਲੈਅ ਹੋਵੇ, ਉਹਦੇ ਵਿਚ ਬੱਝ ਕੇ ਗਾਉਣਾ ਕੋਰੇ ਕਾਗਜ਼ ਤੇ ਲੀਕਾਂ ਪਾ ਦਿਤੀਆਂ। ਉਹਨਾਂ ਕੋਲ ਜੋ ਵੀ ਸੀ ਨਹੀਂ ਲੁਕਾਇਆ। ਆਪਣੇ ਕੋਲੋਂ ਗਰੰਥ ਦੇ ਕੇ ਮੈਨੂੰ ਪੜ੍ਹਾਇਆ। ਅਜੇ ਵੀ ਜਥੇਦਾਰ ਜੀ ਦੇ ਘਰ ਤੋਲਵੇਂ ੨ ਮਣ ਗਰੰਥ ਹੋਣਗੇ, ਇਹਨਾਂ ਗਰੰਥਾਂ ਵਿਚ ਵੜੇ ਟੀਕੇ ਵੀ ਹਨ। ਸਿਆਲ ਵਿਚ ਸਾਰਾ ਸਾਰਾ ਦਿਨ ਲੰਘ ਜਾਣਾ ਇਕ ਇਕ ਤੁਕ ਦੀ ਵਿਆਖਿਆ ਕਰਦਿਆਂ। ਅਖੀਰੀ ਦਮ ਤਕ ਉਹਨਾਂ ਦੀ ਖੋਜ ਅਤੇ ਮੁਤਾਲਿਆ ਨਹੀਂ ਘਟਿਆ। ਏਸ ਪਾਸੇ ਤੁਰੇ ਰਹੇ ਨੇ। ਉਹ ਕਹਿੰਦੇ ਹੁੰਦੇ ਸਨ ਮੇਰਾ ਜੀ ਕਰਦੈ ਜਿਥੇ ਜਾਵਾਂ ਅਜੈਬ ਸਿੰਘ ਨੂੰ ਨਾਲ ਲੈ ਕੇ ਜਾਵਾਂ। ਮੈਂ ਕੀ ਉਹਨਾਂ ਨੂੰ ਦੇ ਸਕਦਾ ਸਾਂ। ਮੈਂ ਤਾਂ ਲੰਗਰ ਵੀ ਉਹਨਾਂ ਦੇ ਛਕਦਾ ਸਾਂ ..ਮੈ ਕੁਝ ਨਹੀਂ ਦਿਤਾ...ਉਹਨਾਂ ਨੂੰ ਮਾਇਆ ਨਾਲ ਵੀ ਲਗਾਓ ਨਹੀਂ ਸੀ। ਉਹ ਸਾਨੂੰ ਸਿਖਿਆ ਦਿੰਦੇ ਸਨ ਜਿਹੜੇ ਘਰ ਜਾਓ, ਉਹਦਾ ਵਾਤਾਵਰਣ ਦੇਖੋ। ਜੇ ਉਸ ਘਰ ਵਿਚ ਆਚਾਰ ਹੈ ਅਚਾਰ ਨਾਲ ਹੀ ਪਰਸ਼ਾਦਾ ਛਕ ਲਵੋ। ਸ਼ਬਦ ਉਥੇ ਵੀ ਪੜ੍ਹ ਕੇ ਆਵੋ। ਤੁਹਾਨੂੰ ਇਹ ਧਨ ਤਾਂ ਹੀ ਪਚਣੈ ਜੇ ਗੁਰੂ ਕਾ ਸ਼ਬਦ ਪੜੋਗੇ...ਇਹ ਤੁਹਾਡਾ ਧਰਮ ਹੈ ਕਰਮ ਹੈ।

ਮੈਨੂੰ ਉਨ੍ਹਾਂ ਦੀ ਸਿਖਿਆ ਨੇ ਬੜਾ ਲਾਭ ਪਹੁੰਚਾਇਆ ਹੈ। ਅਜੇ ਤਕ ਸਾਡੇ ਉਤੇ ਸ਼ਕਾਇਤ ਨਹੀਂ ਆਈ ਕਿ ਜਥੇਦਾਰ ਗਿਆਨ ਸਿੰਘ ਦਾ ਸ਼ਾਗਿਰਦ ਅਜੈਬ ਸਿੰਘ ਠੇਕਾ ਕਰਕੇ ਕੀਰਤਨ ਕਰਨ ਗਿਆ ਹੋਵੇ। ਸੰਤ ਸਰੀਰ ਕਰਕੇ ਗਏ ਹਨ, ਪਰ ਉਹ ਸਦਾ ਜਿਊਂਦੇ ਰਹਿਣਗੇ।

## ਨਾਮ ਸਿਮਰਨ

ਇਕ ਘੰਟੇ ਦਾ ਨਾਮ ਸਿਮਰਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ। ਇਸ ਸਮੇਂ ਹੀ ਸੰਤ ਗਿਆਨ ਸਿੰਘ ਜੀ ਨਮਿਤ ਪਾਠ ਦਾ ਭੋਗ ਪਾਇਆ ਗਿਆ। ਸੰਤਾਂ ਦੇ ਇਕਲੌਤੇ ਸਪੁੱਤਰ ਸੰਤ ਗੁਰਬਚਨ ਸਿੰਘ ਦੇ ਸੀਸ ਤੇ ਸਤਿਗੁਰੂ ਜੀ ਨੇ ਦਸਤਾਰ ਸਜਾਈ। ਬਚਨ ਬਲਾਸ ਕੀਤਾ ਤੇ ਹੌਸਲਾ ਦਿਤਾ। ਉਪਰੰਤ ਹਜ਼ੂਰੀ ਰਾਗੀਆਂ ਜਿਨ੍ਹਾਂ ਦੀ ਅਗਵਾਈ ਸੰਤ ਬਲਵੰਤ ਸਿੰਘ ਜੀ ਕਰ ਰਹੇ ਸਨ, ਦਾ ਕੀਰਤਨ ਹੋਇਆ। ਕਾਨੜੇ ਦੀਆਂ ਸੁਰਾਂ ਵਿਚ ਸ਼ਬਦ ਸੀ "ਜੋ ਉਧਰੇ ਜਿਨ ਰਾਮ ਧਿਆਏ॥ ਜਤਨ ਮਾਇਆ ਕੈ ਕਾਮਿ ਨਾ ਆਏ।"

## ਸ਼ਰਧਾਂਜਲੀਆਂ

ਸ਼ਬਦ ਕੀਰਤਨ ਬਾਦ ਸ਼ਰਧਾਂਜਲੀਆਂ ਦਾ ਪ੍ਰੋਗਰਾਮ ਸੀ। ਮਾਸਟਰ ਅਜੀਤ ਸਿੰਘ ਚੀਮਾ ਜੋ ਕਲ੍ਹ ਤੋਂ ਸਟੇਜ ਸਕੱਤਰ ਦੀ ਸੇਵਾ ਕਰ ਰਹੇ ਸਨ, ਨੇ ਸੰਖੇਪ ਭੂਮਿਕਾ ਬਾਦ ਬੁਲਾਰਿਆਂ ਨੂੰ ਪੇਸ਼ ਕੀਤਾ।

## ਜਗਦੀਸ਼ ਸਿੰਘ

ਸਭ ਤੋਂ ਪਹਿਲਾਂ 'ਵਰਿਆਮ' ਦੇ ਸੰਪਾਦਕ ਅਤੇ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸ. ਜਗਦੀਸ਼ ਸਿੰਘ ਹੋਰਾਂ ਕਿਹਾ ਕਿ ਜਥੇਦਾਰ ਗਿਆਨ ਸਿੰਘ ਵਿਚ ਬਹੁਤ ਗੁਣ ਸਨ। ਸੰਗੀਤਕਾਰ ਸਨ, ਜਥੇਦਾਰ ਸਨ। ਉਹ ਗੂੜ੍ਹ ਫਲਸਫੇ ਦੀ ਗੱਲ ਕਰਦੇ ਸਨ। ਉਨ੍ਹਾਂ ਸੰਤ ਨਿਧਾਨ ਸਿੰਘ ਆਲਮ ਅਤੇ ਸੰਤ ਫਤਹਿ ਸਿੰਘ ਵਰਗਿਆਂ ਦੀ ਸੰਗਤ ਕੀਤੀ ਸੀ। ਉਨ੍ਹਾਂ ਜਲੰਧਰ ਵਿਚਲੇ ਦੀਵਾਨ ਦਾ ਦ੍ਰਿਸ਼ਟਾਂਤ ਦੇ ਕੇ ਕਿਹਾ ਕਿ ਜਥੇਦਾਰ ਜੀ ਦਾ 'ਕੁਨੈਕਸ਼ਨ' ਸਤਿਗੁਰਾਂ ਨਾਲ ਸਦਾ ਰਿਹਾ। ਅੰਤਲੇ ਦਿਨਾਂ ਨੇ ਵੀ ਇਹ ਸਾਬਤ ਕਰ ਦਿਤਾ ਕਿ ਕਿਵੇਂ ਸਤਿਗੁਰੂ ਜਗਜੀਤ ਸਿੰਘ ਜੀ ਸੰਤਾਂ ਨੂੰ ਮੰਜੇ ਤੇ ਕੋਲ ਬਹਿ ਕੇ ਪਿਆਰ ਦਿੰਦੇ ਰਹੇ। ਉਨ੍ਹਾਂ ਦੀ ਜ਼ਿੰਦਗੀ ਭਜਨ ਬੰਦਗੀ ਵਾਲੀ ਸੀ ਅਤੇ ਵਿਸ਼ਵਾਸ-ਭਰੋਸੇ ਦੇ ਪੂਰੇ ਸਨ। ਅੰਤਲੇ ਦਿਨਾਂ ਵਿਚ ਉਹਨਾਂ ਨੂੰ ਸਤਿਗੁਰੂ ਜੀ ਵਲੋਂ ਸ੍ਰੀ ਭੈਣੀ ਸਾਹਿਬ ਲਿਆਉਣ ਅਤੇ ਅੰਤਲੇ ਸਫ਼ਰ ਵਿਚ ਜਥੇਦਾਰਾਂ ਦਾ ਹੁੰਮ-ਹੁਮਾਕੇ ਪੁਜਣਾ। ਇਹ ਸਾਰੀ ਗੱਲ ਵੇਖ ਕੇ ਸਮਝ ਆਈ ਹੈ ਕਿ ਉਹਨਾਂ ਨੂੰ ਸਤਿਗੁਰਾਂ ਵਲੋਂ ਸ੍ਰੀ ਭੈਣੀ ਸਾਹਿਬ ਕਿਉਂ ਲਿਆਂਦਾ ਗਿਆ।

ਉਹ ਭੈਣੀ ਸਾਹਿਬ ਵਿਚ ਚੜ੍ਹਾਈ ਕੀਤੇ। ਇਹੋ ਜਿਹੀ ਮੌਤ ਦੀ ਕਾਮਨਾ ਕਬੀਰ ਜੀ ਨੇ ਕੀਤੀ ਸੀ ਜਦੋਂ ਉਹਨਾਂ ਕਿਹਾ ਸੀ—"ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰਿ"। ਸਤਿਗੁਰੂ ਜੀ ਉਹਨਾਂ ਦੇ ਬਾਦ ਦੇ ਜਥੇਦਾਰ ਨੂੰ ਸਮਰਥਾ, ਤਾਕਤ ਦੇਣ ਜਿਸ ਨਾਲ ਸੰਤ ਗਿਆਨ



Sri Satguru Jagjit Singh Ji eLibrary NamdhariElibrary@gmail.com

ਸਿੰਘ ਹੋਰਾਂ ਦੀ ਜੀਵਨ ਦੀ ਰੌਸ਼ਨੀ ਵਿਚ ਇਹ ਪਰਚਾਰ ਪਰਸਾਰ ਦਾ ਕੰਮ ਜ਼ੋਰਦਾਰ ਢੰਗ ਨਾਲ ਕਰ ਸਕਣ ।

## ਸੁਖਜੀਤ ਸਿੰਘ

ਸ੍ਰੀ ਭੈਣੀ ਸਾਹਿਬ ਦੇ ਸਾਬਕਾ ਸਰਪੰਚ ਅਤੇ ਪ੍ਰਸਿਧ ਲੇਖਕ ਸੁਖਜੀਤ ਸਿੰਘ ਹੋਰਾਂ ਆਪਣੀ ਸ਼ਰਧਾਂਜਲੀ ਵਿਚ ਕਿਹਾ ਕਿ ਜਥੇਦਾਰ ਗਿਆਨ ਸਿੰਘ ਜੀ ਦੀਆਂ ਏਨੀਆਂ ਚੰਗੀਆਂ ਗੱਲਾਂ ਨੇ ਕਿ ਅਸੀਂ ਵੀ ਆਪਣਾ ਜੀਵਨ ਚੰਗਾ ਬਣਾ ਸਕਦੇ ਹਾਂ । ਉਹ ਜਿਹੜਾ ਪਰਚਾਰ ਆਪ ਕਰਦੇ ਸਨ ਉਸ ਧਾਰਨਾ ਉਤੇ ਆਪ ਵੀ ਚਲਦੇ ਸਨ । ਜੇ ਉਹ ਕਹਿੰਦੇ ਕਿ ਸਤਿਗੁਰਾਂ ਦੇ ਚਰਨਾਂ ਤੇ ਵਿਸ਼ਵਾਸ ਰੱਖੋ, ਤਾਂ ਉਹ ਆਪ ਵੀ ਰੱਖਦੇ ਸਨ । ਉਹ ਤਿੰਨ ਵਾਰ ਉਜੜੇ ਤੇ ਤਿੰਨ ਵਾਰ ਵਸੇ । ਉਜੜੇ ਸਿਰਫ਼ ਏਸ ਕਰਕੇ ਕਿ ਉਹਨਾਂ ਨੂੰ ਵਿਸ਼ਵਾਸ ਸੀ ਕਿ ਓਹਨੇ ਸਾਰਾ ਕੁਝ ਦੇ ਦੇਣੈ । ਉਹਨਾਂ ਪੁੱਤਰ ਲੈਣ ਵਾਸਤੇ ਕਿਤੇ ਹੋਰ ਥਾਂ ਝੋਲੀ ਨਹੀਂ ਅੱਡੀ । ਕੇਵਲ ਲੋਕਾਂ ਨੂੰ ਦੱਸਣ ਵਾਸਤੇ ਇਸੇ ਗੁਰੂ-ਘਰ 'ਚੋਂ ਇਹ ਪ੍ਰਾਪਤੀ ਕੀਤੀ । ਉਹਨਾਂ ਨੂੰ ਨਿੱਕੀ ਉਮਰ ਹੀ ਗਿਆਨ ਹੋ ਗਿਆ ਸੀ ਕਿ ਮਾਰਨ ਵਾਲੇ ਨਾਲੋਂ ਬਚਾਉਣ ਵਾਲਾ ਤਗੜਾ ਹੈ । ਉਹਨਾਂ ਪੂਰੀ ਜ਼ਿੰਦਗੀ ਸੰਘਰਸ਼ ਕੀਤਾ । ਆਰਾਮ ਨੇੜੇ ਨਾ ਆਰਾਮ ਦਿਤਾ । ਉਹਨਾਂ ਆਪਣੇ ਪਰਿਵਾਰ ਨੂੰ ਸਮਝਾ ਦਿਤਾ ਸੀ ਕਿ "ਮੇਰੇ ਮਗਰੋਂ ਕੋਈ ਅਡੰਬਰ ਨਾ ਕਰਿਓ...ਮੇਰੀ ਗਤੀ ਕਿਸੇ ਤੀਰਥ ਅਸਥਾਨ ਦੀ ਮੁਥਾਜ ਨਹੀਂ...ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਿਓ, ਮੇਰੀ ਗਤੀ ਹੋਈ ਹੋਈ ਹੈ ।" ਉਹਨਾਂ ਪਰਿਵਾਰ ਨੂੰ ਇਹ ਵੀ ਸਮਝਾ ਦਿੱਤਾ ਕਿ "ਮੇਰੇ ਫੁੱਲ ਨਹਿਰ ਵਿਚ ਕਿਸ਼ਤੀ ਰੋਕ ਕੇ ਪਰਵਾਹ ਕਰ ਦੇਣੇ, ਬੜੀ ਸਾਦਗੀ ਦੇ ਨਾਲ ।" ਉਹ ਗੁਣਗੁਣਾਂਦੇ ਸਨ—ਵਗ ਵਗ ਵੇ ਝਨਾ ਦੇ ਪਾਣੀਆ । ਉਹ ਆਪ ਦਰਿਆ ਵਰਗੇ ਸਨ । ਉਹ ਦਰਿਆ ਵਾਂਗ ਅਮਰ ਨੇ । ਉਹਨਾਂ ਦੀਆਂ ਯਾਦਾਂ ਸਾਡੇ ਨਾਲ ਨੇ ।

## ਅਜੀਤ ਸਿੰਘ ਨਾਮਧਾਰੀ

ਸਕੱਤਰ ਨਾਮਧਾਰੀ ਦਰਬਾਰ, ਸ. ਅਜੀਤ ਸਿੰਘ ਨਾਮਧਾਰੀ ਲੁਧਿਆਣਾ ਨੇ ਕਿਹਾ ਕਿ ਸੰਤ ਵੀਰੋਕੇ ਨਾਮਧਾਰੀ ਪੰਥ ਦੇ ਮੁਕਟ ਦੇ ਹੀਰੇ ਸਨ । ਉਹ ਆਪਣੇ ਆਪ ਵਿਚ ਸੰਗੀਤ, ਸ਼ਬਦ ਕੀਰਤਨ, ਭਜਨ ਬੰਦਗੀ ਦਾ ਇਕ ਘਰਾਣਾ ਸਨ । ਉਹਨਾਂ ਦੇਸ਼-ਵਿਦੇਸ਼ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਦੋਲਕ ਛੈਣਿਆਂ ਦੇ ਘਰਾਣੇ ਨੂੰ ਪਹੁੰਚਾਇਆ । ਸਤਿਗੁਰੂ ਰਾਮ ਸਿੰਘ ਜੀ ਦੀ ਮਰਿਯਾਦਾ ਨੂੰ ਪਹੁੰਚਾਇਆ । ਸਰਸਵਤੀ ਉਹਨਾਂ ਦੀ ਜ਼ਬਾਨ ਤੇ ਸੀ...ਉਹ ਨਹੀਂ ਰਹੇ, ਪਰ ਉਹਨਾਂ ਦੀ ਯਾਦ ਸਦਾ ਰਹੇਗੀ ।

## ਮਾਸਟਰ ਨਿਹਾਲ ਸਿੰਘ

ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ (ਸਾਬਕਾ ਪ੍ਰਧਾਨ ਨਾਮਧਾਰੀ ਦਰਬਾਰ) ਨੇ ਸੰਨ ੧੯੬੩ ਦੀ ਗੱਲ ਸੁਣਾਈ, ਜਦੋਂ ਉਹਨਾਂ ਕੋਈ ੨੦ ਦਿਨ ਸਤਿਗੁਰਾਂ ਦੀ ਹਜ਼ੂਰੀ ਵਿਚ ਦੌਰੇ ਵਿਚ ਸੰਤ ਗਿਆਨ ਸਿੰਘ ਜੀ ਦੀ ਸੰਗਤ ਕੀਤੀ । ਉਹਨਾਂ ਦਸਿਆ ਕਿ ਸੰਤਾਂ ਨੇ ਜਿਹੜਾ ਸ਼ਬਦ ਅੱਜ ਪੜ੍ਹਿਆ ਉਹ ਦੂਜੇ ਦਿਨ ਨਹੀਂ ਪੜ੍ਹਿਆ । ਨਿਤ ਨਵੇਂ ਮਜ਼ਮੂਨ ਦੀ ਵਿਆਖਿਆ ਕੀਤੀ । ਅਸੀਂ ਬਾਕੀ ਲੋਕ ਫਿਰ-ਤੁਰਕੇ ਥੱਕ-ਟੁੱਟਕੇ ਸੌਂ ਜਾਂਦੇ ਸਾਂ । ਸਤਿਗੁਰੂ ਜਗਜੀਤ ਸਿੰਘ ਜੀ ਅੰਮ੍ਰਿਤ ਵੇਲੇ ਤੜਕੇ ਸੰਤ ਗਿਆਨ ਸਿੰਘ ਜੀ ਨੂੰ ਉਠਾ ਦਿੰਦੇ ਸਨ...ਆਸਾ ਦੀ ਵਾਰ ਲਾਵੋ । ਉਸੇ ਵੇਲੇ ਇਸ਼ਨਾਨ ਕਰਕੇ ਕੀਰਤਨ ਕਰਨ ਲਗ ਪੈਣਾ । ਬੜਾ ਅਨੰਦ ਬਣਦਾ । ਜਿਸ ਰੰਗ ਵਿਚ ਉਹਨਾਂ ਆਪਣਾ ਜੀਵਨ ਬਤੀਤ ਕੀਤਾ, ਉਹ ਅੰਤ ਤਕ ਗਏ । ਉਹਨਾਂ ਦਾ ਜੀਵਨ ਇਕ-ਰਸ ਗੁਜ਼ਰਿਆ ।

## ਪ੍ਰੋ. ਤਾਰਾ ਸਿੰਘ ਅਨਜਾਣ

'ਸਤਿਜੁਗ' ਦੇ ਸੰਪਾਦਕ ਪ੍ਰੋ. ਤਾਰਾ ਸਿੰਘ ਅਨਜਾਣ ਹੋਰਾਂ ਆਪਣੇ ਪ੍ਰਭਾਵਸ਼ਾਲੀ ਭਾਸ਼ਨ ਵਿਚ ਕਿਹ ਕਿ ਸੰਤ ਗਿਆਨ ਸਿੰਘ ਸਦਾ ਪੱਕੇ ਪੂਰੇ ਨਾਮਧਾਰੀ ਪੰਥ ਨੂੰ ਸਮਰਪਿਤ ਰਹੇ । ਉਹਨਾਂ ਸੱਚਾ ਸੁੱਚਾ ਕੀਰਤਨ ਕਰਕੇ ਆਪਣਾ ਥਾਂ ਬਣਾਇਆ । ਉਨ੍ਹਾਂ ਦੇ ਕੀਰਤਨ ਦੀ ਇਹ ਸਿਫਤ ਸੀ ਕਿ ਇਕ ਪਾਸੇ ਵਿਦਵਾਨ ਰਾਗ ਦੀ ਸਮਝ ਵਾਲੇ ਅੱਸ਼ ਅੱਸ਼ ਕਰਦੇ ਸਨ । ਦੂਜੇ ਪਾਸੇ ਦੀਵਾਨੇ ਮਸਤਾਨੇ ਲੋਕ ਜਿਹੜੇ ਵੈਰਾਗ-ਮਈ ਕੀਰਤਨ ਸੁਣਦੇ ਸਨ ਉਹ ਮਸਤਾਨੇ ਹੋ ਜਾਂਦੇ ਸਨ । ਉਹਨਾਂ ਨੂੰ ਹਰ ਰੰਗ, ਹਰ ਰਸ, ਹਰ ਸੁਆਦ, ਆਪਣੇ ਦੀਵਾਨ ਵਿਚ ਛੱਡਣ ਦੀ ਜਾਚ ਸੀ । ਹਉਮੈ ਲੋਭ ਹੰਕਾਰ ਛੱਡਣ ਦੀ ਜਾਚ ਸੀ । ਲੋਕਾਂ ਦਾ ਮੋਹ ਗ੍ਰਹਿਣ ਕਰਨ ਦੀ ਜਾਚ ਸੀ । ਬਹੁਤ ਸਾਰੇ ਜਥੇਦਾਰਾਂ ਵਿਚ ਫਰਕ ਆਉਂਦਾ ਰਿਹਾ ਪਰ ਜਥੇਦਾਰ ਗਿਆਨ ਸਿੰਘ ਸਦਾ ਸਤਿਗੁਰੂ ਚਰਨਾਂ ਨਾਲ ਜੁੜੇ ਰਹੇ ਅਖੀਰ ਤਕ ਗਲ ਰਖੀ । ਉਹ ਬੇਦਾਗ ਗਏ ਹਨ । ਉਹਨਾਂ ਆਪਣਾ ਮਹੱਤਵਪੂਰਨ ਥਾਂ ਬਣਾਇਆ ।

## ਸ. ਹਰਵਿੰਦਰ ਸਿੰਘ ਹੰਸਪਾਲ

ਨਾਮਧਾਰੀ ਦਰਬ ਰ ਦੇ ਪ੍ਰਧਾਨ ਸਾਹਿਬ ਸ. ਹਰਵਿੰਦਰ



Sri Satguru Jagjit Singh Ji eLibrary NamdhariElibrary@gmail.com

ਸਿੰਘ ਹੰਸਪਾਲ ਸਾਬਕ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਮੇਰੀ ਸੰਤ ਗਿਆਨ ਸਿੰਘ ਹੋਰਾਂ ਨਾਲ ਜਾਣ-ਪਛਾਣ ੫੦ ਸਾਲ ਪੁਰਾਣੀ ਹੈ। ਬਿਜਨੌਰ ਯੂ.ਪੀ. ਵਿਚ ਪਹਿਲਾਂ ਮੇਰੇ ਤਾਇਆ ਸ. ਗੁਰਦਿਆਲ ਸਿੰਘ ਜੀ ਅਤੇ ਬਾਦ ਵਿਚ ਮੇਰੇ ਪਿਤਾ ਸ. ਗਿਆਨ ਸਿੰਘ ਚੀਫ਼ ਐਨਜੀਨੀਅਰ ਸਨ। ਮੇਰੇ ਪਿਤਾ ਜੀ ਅਤੇ ਸੰਤ ਗਿਆਨ ਸਿੰਘ ਵਿਚ ਸਿਰਨਾਵੀਏ ਹੋਣ ਕਰਕੇ ਜਾਂ ਵਿਚਾਰਧਾਰਾ ਮਿਲਣ ਕਰਕੇਬਹੁਤ ਲੰਮੀਆਂ ਬੈਠਕਾਂ ਹੋਇਆ ਕਰਦੀਆਂ ਸਨ। ਸੰਤ ਗਿਆਨ ਸਿੰਘ ਅਤੇ ਮੇਰੇ ਪਿਤਾ ਜੀ ਦੀ ਘੰਟਿਆਂ ਬੱਧੀ ਬੈਠਕ ਹੁੰਦੀ ਤੇ ਉਸ ਵਿਚ ਕੋਈ ਹੋਰ ਚਰਚਾ ਨਹੀਂ ਸੀ ਹੁੰਦੀ ਕੇਵਲ ਗਿਆਨ ਚਰਚਾ ਹੀ ਹੁੰਦੀ। ਸਾਨੂੰ ਭਾਵੇਂ ਸਮਝ ਨਹੀਂ ਸੀ ਅਸੀਂ ਛੋਟੇ ਸਾਂ ਪਰ ਸਾਨੂੰ ਅਨੰਦ ਬਹੁਤ ਆਉਂਦਾ। ਵੀਰੋਕਿਆਂ ਵਾਲਿਆਂ ਦਾ ਦੀਵਾਨ ਅਜਿਹਾ ਹੁੰਦਾ ਸੀ ਕ ਉਨ੍ਹਨੂੰ ਚੰਗਾ ਪ੍ਰਭਾਵਸ਼ਾਲੀ ਕਹਿ ਲਈਏ, ਗਿਆਨ ਭਰਪੂਰ ਕਹੀਏ ਕੁਝ ਵੀ ਵਿਸ਼ੇਸ਼ਣ ਵਰਤ ਲਈਏ ਪਰ ਇਹ ਗੱਲ ਵਾਰ ਵਾਰ ਆਖਣ ਨੂੰ ਜੀਅ ਕਰਦਾ ਹੈ ਕਿ ਲੋਕ ਉਸਦਾ ਪ੍ਰਭਾਵ ਗ੍ਰਹਿਣ ਕਰਦੇ ਸਨ। ਅੱਜ ਉਹਨਾਂ ਦੀਆਂ ਦੋ ਆਡੀਓ ਟੇਪਾਂ ਰੀਲੀਜ਼ ਹੋ ਰਹੀਆਂ ਹਨ ਇਹ ਬਲਬੀਰ ਸਿੰਘ ਹੋਰਾਂ ਤਿਆਰ ਕੀਤੀਆਂ ਹਨ। ਇਹ ਵੱਧ ਤੋਂ ਵੱਧ ਰੀਲੀਜ਼ ਕਰਨੀਆਂ ਚਾਹੀਦੀਆਂ ਹਨ।

## ਸ. ਅਜੀਤ ਸਿੰਘ ਚੀਮਾ

ਮਾਸਟਰ ਅਜੀਤ ਸਿੰਘ ਚੀਮਾ ਹੋਰਾਂ ਸਟੇਜ ਸਕੱਤਰੀ ਕਰਦਿਆਂ ਨਾਲੋ ਨਾਲ ਆਪਣੇ ਵਿਚਾਰ ਪਰਗਟ ਕੀਤੇ। ਉਹਨਾਂ ਕਿਹਾ ਕਿ ਉਹਨਾਂ ਲੇਖ ਵੀ ਲਿਖਿਆ ਹੈ ਜੋ ਅਖਬਾਰਾਂ ਵਿਚ ਛਪੇਗਾ। ਉਹਨਾਂ ਸੰਤਾਂ ਨੂੰ ਸਮਰਪਤ ਇਹ ਸ਼ੇਅਰ ਪੜ੍ਹਿਆ—

ਐ ਦੋਸਤ ਮਰਨੇ ਵਾਲੇ ਐਸਾ ਮਰ
ਜੀਨੇ ਵਾਲੇ ਐਸਾ ਜੀ
ਕਿ ਸਬਕ ਦੇ ਜਾਏ ਤੇਰੀ ਮੌਤ ਭੀ ਔਰ ਜ਼ਿੰਦਗੀ ਭੀ।

## ਸਤਿਗੁਰੂ ਜੀ ਦੇ ਪਰਵਚਨ

ਸਤਿਗੁਰੂ ਜੀ ਨੇ ਅੰਤ ਉਤੇ ਆਪਣੇ ਪਰਵਚਨਾਂ ਵਿਚ ਫੁਰਮਾਇਆ ਕਿ ਜਿਹੜੇ ਬਜ਼ੁਰਗ ਜਥੇਦਾਰ ਤੁਸੀਂ ਵਖਦੇ ਹੋ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਦੇ ਪਾਤਰ ਅਤੇ ਉਹਨਾ ਦੀ ਬਖਸ਼ਿਸ਼ ਨਾਲ ਸਾਰੇ ਬਣੇ ਨੇ। ਅਗੋਂ ਜਿਸ ਤਰ੍ਹਾਂ ਸਤਿਗੁਰੂ ਜੀ ਨੇ ਕਿਰਪਾ ਕਰਕੇ ਜਸਪਾਲ ਸਿੰਘ, ਗੁਰਦੀਪ ਸਿੰਘ ਹੋਰੀਂ ਜਥੇਦਾਰ ਬਣ ਰਹੇ ਨੇ ਉਹ ਤੁਸੀਂ ਸੁਣੇ ਨੇ। ਮੈਨੂੰ ਸਭ ਤੋਂ ਵੱਡੀ ਖੁਸ਼ੀ ਇਸ ਗੱਲ ਦੀ ਏ ਕਿ ਸਾਡੇ ਜਥੇਦਾਰ ਜ਼ਿੰਦਾਬਾਦ ਮੁਰਦਾਬਾਦ ਵਾਲੇ ਨਹੀਂ ਸਗੋਂ ਸ਼ਬਦ ਕੀਰਤਨ ਕਰਦੇ ਨੇ। ਅਜ ਕਲ ਜਥੇਦਾਰ ਉਸ ਨੂੰ ਕਿਹਾ ਜਾਂਦਾ ਹੈ ਜਿਹੜਾ ਹੇਠਲੀ ਉਤੇ ਅਤੇ ਉਤਲੀ ਹੇਠ ਕਰ ਦੇਵੇ ਇੰਝ ਵੀ ਕਰਦੇ ਨੇ ਇਹ। ਲੋਕਾਂ ਨੂੰ ਮਾਸ ਸ਼ਰਾਬ ਛੁਡਾ ਕੇ ਠੀਕ ਥਾਂ ਤੇ ਲੈ ਆਉਂਦੇ ਨੇ। ਪੰਡਿਤ ਜੀ ਨੇ ਹਜ਼ਾਰਾਂ ਲੋਕਾਂ ਦੇ ਮਾਸ ਸ਼ਰਾਬ ਛੁਡਾ ਕੇ ਭਜਨ ਦਸਿਆ।

ਜਥੇਦਾਰ ਗਿਆਨ ਸਿੰਘ ਹੋਰਾਂ ਤੇ ਸਤਿਗੁਰਾਂ ਦੀ ਬੜੀ ਕਿਰਪਾ ਸੀ। ਕਈ ਵਾਰ ਹਾਸਾ ਮਖੌਲ ਵੀ ਕਰ ਲੈਂਦੇ ਸਾਂ ਪਰ ਉਹਨਾਂ ਅੰਦਰ ਕਦੇ ਗੁੱਸਾ ਨਹੀਂ ਸੀ ਆਇਆ। ਹੱਸ ਕੇ ਟਾਲ ਦਿੰਦੇ ਸਨ ਗੱਲ ਨੂੰ। ਬੜੇ ਠੰਡੇ ਵਿਚਾਰ ਦੇ ਆਦਮੀ ਸਨ।

ਮੇਰੇ ਮਨ ਵਿਚ ਇਹ ਗੱਲ ਰਹਿੰਦੀ ਏ ਕਿ ਜੋ ਬਜ਼ੁਰਗ ਅਤੇ ਬੀਮਾਰ ਨਾਮਧਾਰੀ ਹਨ ਉਹਨਾਂ ਦੀ ਇਥੇ ਲਿਆ ਕੇ ਸੇਵਾ ਕਰੀਏ। ਜਦੋਂ ਜਸਵਿੰਦਰ ਸਿੰਘ (ਸੰਤ ਗਿਆਨ ਸਿੰਘ ਜੀ ਦੇ ਦਾਮਾਦ) ਹੋਰਾਂ ਨੂੰ ਕਹਿਣਾ ਕਿ ਇਥੇ ਲੇ ਆਈਏ ਤਾਂ ਉਹਨਾਂ ਕਹਿਣਾ ਉਹ ਆਉਣ ਜੋਗੇ ਹੀ ਨਹੀਂ ਬਹੁਤ ਕਮਜ਼ੋਰ ਹਨ। ਫੇਰ ਮੈਂ ਆਪ ਗਿਆ ਤੇ ਨਾਲ ਲੈ ਆਇਆ। ਸੂਬਾ ਹਰਬੰਸ ਸਿੰਘ ਜੀ ਨਾਦੇੜ ਵਾਲੇ ਇਹਨਾਂ ਦੇ ਜੋਟੀਦਾਰ ਸਨ ਮੈਂ ਉਹਨਾਂ ਨੂੰ ਕਿਹਾ ਕਿ ਇਹਨਾਂ ਦਾ ਇਕਲਿਆਂ ਦਾ ਜੀ ਨਹੀਂ ਲਗਣਾ ਤੁਸੀਂ ਵੀ ਆ ਜਾਓ। ਇਥੇ ਉਹ ਠੀਕ ਹੋ ਗਏ ਤੁਰਨ ਲਗ ਪਏ। ਉਹਨਾਂ ਨੂੰ ਵਖਰੀ ਕੁਟੀਆ ਅਤੇ ਸੇਵਕ ਦੇਣ ਦਾ ਪਰਬੰਧ ਸੀ ਪਰ ਜਸਵਿੰਦਰ ਸਿੰਘ ਹੋਰਾਂ ਦੇ ਪਰਿਵਾਰ ਦਾ ਜੀ ਨਹੀਂ ਸੀ ਕਰਦਾ। ਲੁਧਿਆਣੇ ਹਸਪਤਾਲ ਉਹ ਮਸ਼ੀਨਾਂ ਦੇ ਆਸਰੇ ਸਨ। ਮੈਂ ਕਿਹਾ ਕਿ ਤੁਸੀਂ ਇਥੇ ਲੈ ਆਓ.....।

ਅਜੈਬ ਸਿੰਘ ਤੇ ਸਤਿਗੁਰਾਂ ਦੀ ਬੜੀ ਕਿਰਪਾ ਹੈ। ਉਹ ਪੂਰਾ ਦੀਵਾਨ ਉਸੇ ਤਰ੍ਹਾਂ ਹੀ ਲਾਉਂਦੇ ਹਨ। ਮੈਂ ਗੁਰਬਚਨ ਸਿੰਘ (ਸਪੁਤਰ ਸੰਤ ਗਿਆਨ ਸਿੰਘ) ਨੂੰ ਆਖਾਂਗਾ ਕਿ ਤੂੰ ਵੀ ਕੋਸ਼ਿਸ਼ ਕਰ ਜਥੇਦਾਰ ਅਜੈਬ ਸਿੰਘ ਨਾਲ ਰਹਿ ਕੇ ਸ਼ਬਦ ਪੜ੍ਹਨ ਦੀ ਜਾਚ ਸਿਖ ਅਗੋਂ ਬੱਚਿਆਂ ਤੇ ਵੀ ਕਿਰਪਾ ਹੋਵੇ। ਸਤਿਗੁਰੂ ਸਚੇ ਪਾਤਸ਼ਾਹ ਕਿਰਪਾ ਕਰੇ ਸਾਡੇ ਜਥੇਦਾਰ, ਸਾਡੇ ਪਾਠੀ ਪੈਸਿਆਂ ਦਾ ਧਿਆਨ ਨਾ ਕਰਕੇ ਆਪਣਾ ਤੇ ਜਿਨ੍ਹਾਂ ਨੂੰ ਸੁਨਾਉਣ ਉਹਨਾਂ ਦਾ ਜੀਵਨ ਸੁਧਾਰਨ ਵਾਸਤੇ ਪ੍ਰੋਗਰਾਮ ਰਖਣ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਲਾਲਸਾ ਆਪਣੇ ਅੰਦਰ ਹੋਵੇ ਅਤੇ ਲੋਕਾਂ ਦੇ ਅੰਦਰ ਪੈਦਾ ਹੋਵੇ ਤਾਂ ਕਿ ਸਾਡਾ ਭਲਾ ਹੋਵੇ।... )⌒(



Sri Satguru Jagjit Singh Ji eLibrary NamdhariElibrary@gmail.com

ਰੀਵੀਊ

# ਸੁਖਜੀਤ ਦਾ ਕਹਾਣੀ ਸੰਗ੍ਰਹਿ

# ਅੰਤਰਾ

**ਮੁੱਲ : ੧੦੦/-ਰੁਪੈ** **ਪੰਨੇ : ੧੧੬**

'ਅੰਤਰਾ' ਸੁਖਜੀਤ ਦੀਆਂ ੧੨ ਕਹਾਣੀਆਂ ਦਾ ਸੰਗ੍ਰਹਿ ਹੈ। ਕਹਾਣੀਕਾਰ ਇਹਨਾਂ ਕਹਾਣੀਆਂ ਰਾਹੀਂ ਵੱਖ ਵੱਖ ਤਰ੍ਹਾਂ ਦੇ ਅਨੁਭਵ ਪਾਠਕਾਂ ਨਾਲ ਸਾਂਝੇ ਕਰਦਾ ਹੈ। ਕਹਾਣੀਆਂ ਪਾਤਰਾਂ ਤੇ ਵਾਤਾਵਰਣ ਨੂੰ ਜਿਵੇਂ ਪੇਸ਼ ਕਰਦੀਆਂ ਹਨ ਉਸ ਨੂੰ ਮਾਨਣ ਲਈ ਪਾਠਕ ਨੂੰ ਇਕਾਗਰ ਤੇ ਸੁਚੇਤ ਰਹਿਣਾ ਪੈਂਦਾ ਹੈ। ਉਸ ਨੂੰ ਗੰਭੀਰ ਦਾਰਸ਼ਨਿਕ ਵੀ ਬਣਨਾ ਪੈਂਦਾ ਹੈ ਤੇ ਸਹਿਜ ਪਾਠਕ ਵੀ। ਇਹਨਾਂ ਦਾ ਸਹਿਜ ਪਾਠ ਕਰਿਆਂ ਕੋਈ ਕਹਾਣੀ ਢਿੱਲੀ ਜਾਂ ਕਮਜ਼ੋਰ ਨਹੀਂ ਲਗਦੀ। ਨਾ ਕਿਸੇ ਕਹਾਣੀ ਵਿਚ ਕੁਝ ਵਾਧੂ ਹੈ ਤੇ ਨਾ ਹੀ ਛੁਟਿਆ ਹੋਇਆ।

ਪੁਸਤਕ ਦੀ ਪਹਿਲੀ ਕਹਾਣੀ 'ਅੰਤਰਾ' ਜ਼ਿੰਦਗੀ, ਮੌਤ ਤੇ ਰੂਹ ਦੇ ਦਾਰਸ਼ਨਿਕ ਪੱਖ ਨੂੰ ਪੇਸ਼ ਕਰਦੀ ਹੈ। ਪਰ ਸ਼ਮਸ਼ਾਨ ਭੂਮੀ ਦੇ ਚੌਕੀਦਾਰ ਦੇ ਸਹਿਜ ਤੇ ਸਰਲ ਸੁਆਲ "ਆ ਰਹੇ ਹੋ ਕਿ ਜਾ ਰਹੇ ਹੋ ਬਾਬੂ......" ਦਾ ਜੁਆਬ ਅਰਥ-ਸ਼ਾਸਤਰੀ ਵਿਵੇਕ ਜੋਸ਼ੀ ਤਾਂ ਦੇ ਹੀ ਨਹੀਂ ਸਕਿਆ। ਉਹ ਸੋਚਦਾ ਹੈ ਇਸ ਦਾ ਜੁਆਬ ਕੋਈ ਨਹੀਂ ਦੇ ਸਕਦਾ। ਵਿਵੇਕ, ਅੰਤਰਾ ਭਾਰਦਵਾਜ ਇਕ ਪੱਤਰਕਾਰ ਨਾਲ, ਚੋਰੀ ਇਤਿਹਾਸਕਾਰ, ਕੁਮਾਰ ਗੋਸਵਾਮੀ ਦਾ ਸਸਕਾਰ ਕਰਨ ਆਇਆ ਸੀ। ਕੁਮਾਰ ਨੂੰ ਡਾਕਟਰ ਨੇ ਕਿਹਾ ਸੀ ਕਿ ਜ਼ਿਆਦਾ ਖੁਸ਼ੀ ਜਾਂ ਗਮੀ ਉਹ ਸਹਿ ਨਹੀਂ ਸਕੇਗਾ। ਉਸ ਦੀ ਬੁੱਢੀ ਮਾਂ ਤੇ ਅਪਾਹਜ ਭੈਣ ਵੀ ਸੀ, ਜਿਨ੍ਹਾਂ ਤੋਂ ਆਪਣੀ ਮੌਤ ਦੀ ਖਬਰ ਲੁਕਾਉਣ ਲਈ ਉਸ ਨੇ ਵਿਵੇਕ ਤੇ ਅੰਤਰਾ ਤੋਂ ਉਸਦੀ ਅੰਤਮ ਕ੍ਰਿਆ ਕਰਨ ਦਾ ਪ੍ਰਣ ਲਿਆ ਸੀ। ਸੋ ਦੋਵੇਂ ਹੀ ਰਾਤ ਨੂੰ ਦੋ ਵਜੇ ਸ਼ਮਸ਼ਾਨ ਪੁਜੇ ਸਨ। ਪਹਿਲਾਂ ਵਿਵੇਕ ਪੂਰਾ ਸਹਿਮਿਆ ਤੇ ਡਰਿਆ। ਫਿਰ ਅੰਤਰਾ ਪਹੁੰਚੀ ਕੁਮਾਰ ਦੀ ਲਾਸ਼ ਲੈ ਕੇ, ਜਿਸ ਨਾਲ ਕੁਮਾਰ, ਮੌਤ ਤੋਂ ਪਹਿਲਾਂ ਬੱਚੇ ਵਾਂਗ ਚਿੰਬੜਿਆ ਸੀ। ਅਨੰਦ ਦੀ ਸਿਖਰ ਤੇ ਪਹੁੰਚਣ ਬਾਅਦ ਅੰਤਰਾ ਦੀ ਦੇਹੀ ਹੌਲੀ ਫੁਲ ਹੋ ਰਹੀ ਸੀ ਤੇ ਕੁਮਾਰ ..ਮੌਤ ਇਕਮਿਕ ਹੋ ਗਏ ਸਨ।

ਸ਼ਮਸ਼ਾਨ ਵਿਚ ਕੁਮਾਰ ਗੋਸਵਾਮੀ ਪਹਿਲਾਂ ਵੀ ਆਮ ਆਉਂਦਾ ਸੀ। ਉਥੇ ਦਾ ਚੌਕੀਦਾਰ ਜਾਣਦਾ ਸੀ, ਤਾਂ ਹੀ ਵਿਵੇਕ ਨੇ ਚੌਕੀਦਾਰ ਦੇ ਪੁਛਣ ਤੇ ਕਾਹਲੀ ਨਾਲ ਉਸ ਨੂੰ ਕਿਹਾ, "ਮੈਂ ਹਾਂ ਕੁਮਾਰ", ਪਰ ਅਗਲੇ ਸੁਆਲ ਦਾ ਜੁਆਬ ਹੀ ਨਹੀਂ ਸੀ, "...ਆ ਰਹੇ ਹੋ ਜਾਂ ਜਾ ਰਹੇ ਹੋ ?" ਕਿਉਂਕਿ ਮੌਤ ਆਉਂਦੀ ਹੈ ਜਾਂ ਜ਼ਿੰਦਗੀ ਜਾਂਦੀ ਹੈ। ਕਹਾਣੀ ਦਾ ਸਮੁਚਾ ਵਾਤਾਵਰਣ ਗੰਭੀਰ ਹੈ, ਅਰਥ ਵੀ ਡੂੰਘੇ ਹਨ—ਜਿਵੇਂ ਦਿਲ ਤੇ ਘਰ ਵਿਚਲੀ ਸੁੰਝ ਵਾਲਾ ਅਰਥ ਸ਼ਾਸਤਰੀ ਦੇਸ਼ ਦੇ ਅਰਥਚਾਰੇ ਨੂੰ ਕਿਵੇਂ ਠੀਕ ਕਰੇ। ਅੰਤਰਾ ਦੋਹਾਂ ਵਿਚਲੀ ਵਿਥ ਜਾਂ ਸਮੇਂ ਅਨੁਸਾਰ ਬਦਲਣ ਵਾਲਾ ਗੀਤ ਦਾ ਹਿੱਸਾ। ਕੁਮਾਰ ਗੀਤ ਦੀ ਸਥਾਈ, ਜ਼ਿੰਦਗੀ ਮੌਤ ਦੇ ਗੀਤ ਦੀ। ਮੌਤ ਦਾ ਡਰਾਉਣਾ, ਆਪਣੀ ਹੋਂਦ ਦਾ ਅਹਿਸਾਸ ਕਰਾਉਣਾ। ਵੇਦਾਂ ਅਨੁਸਾਰ ਮਨੁਖ ਦੀਆਂ ਚਾਰ ਹਾਲਤਾਂ—ਮਨੁੱਖ, ਸੁਪਨਿਆਂ ਨਾਲ ਮਨੁੱਖ, ਸੁਪਨਿਆਂ ਰਹਿਤ ਨੀਂਦ ਤੇ ਮੌਤ—ਨੂੰ ਸਮਝਣਾ ਤੇ ਮੌਤ ਦਾ ਡਰ। ਤਨ ਨਾਲੋਂ ਮਨ ਵਿਚ ਸ਼ਕਤੀ ਵਧ ਹੈ। ਇਤਿਹਾਸ ਸਭ ਤੋਂ ਵੱਡਾ ਸ਼ਮਸ਼ਾਨ ਘਾਟ ਆਦਿ ਵਿਚ।

'ਬਰਫ਼', ਪੈਂਦੀ ਬਰਫ਼ ਵਿਚ, ਪਹਾੜਾਂ ਵਿਚ, ਹੱਡ-ਚੀਰਵੀਂ ਠੰਢ ਵਿਚ, ਜੀਪ ਵਿਚ ਕਾਬੂ ਆਏ ਨੌਜਵਾਨ ਭੈਣ-ਭਰਾ ਦੀ ਕਹਾਣੀ ਹੈ ਜਿਹੜੇ ਆਪਣੇ ਅੰਦਰਲੇ ਮਨੁਖੀ ਜਜ਼ਬਿਆਂ ਨੂੰ ਦਬਾਈ ਰਖਣ ਲਈ ਵਾਰੀ ਵਾਰੀ ਬਰਫ਼ ਦੀ ਬੁੱਕਲ ਵਿਚ ਜਾਂਦੇ ਹਨ, ਪਰ ਬਰਫ ਵੀ ਅੰਦਰ ਅੱਗ ਭਰ ਦੇਂਦੀ ਹੈ। ਮਨੀਸ਼ ਤੇ ਨੀਨਾ ਆਪਣੇ ਆਪ ਨੂੰ ਸਮਾਜਕ ਰਿਸ਼ਤਿਆਂ ਅਨੁਸਾਰ ਨਾਰਮਲ ਰਖਣ ਲਈ ਜੂਝ ਰਹੇ ਹਨ।

'ਆਦਮਖੋਰ' ਵਿਚ ਬੀਬੀ ਭਗਵਤੀ, ਉਸਦਾ ਪੁਤਰ (ਬੀਬਾ) ਅਤੇ ਵੱਡੀ ਗਾਂ, ਗੋਰੀ ਵਹਿੜ ਤੇ ਵੱਛਾ—ਬਰਾਬਰ ਦੇ ਅਰਥ ਸਿਰਜਦੇ ਹਨ। ਵੱਡੀ ਗਾਂ ਦਾ ਗਊਸ਼ਾਲਾ ਦਿਤੇ ਜਾਣਾ ਬੀਬੀ ਦਾ ਸੰਤਾਂ ਦੇ ਜਾਣਾ ਹੈ, ਗਨਕਾ ਵੀ ਉਹੀ ਹੈ ਜਿਸਨੂੰ ਸੰਤਾਂ ਤਾਰ ਦਿਤਾ ਹੈ। ਸ਼ਰਾਬੀ ਪਹਿਰੇਦਾਰਾਂ ਦਾ ਬੀਬੇ ਦੀ ਭੈਣ ਦੇ ਨਾ ਲੱਭਣ, ਗੋਰੀ ਵਹਿੜ ਦੇ ਰੰਭਣ ਬਾਦ ਕਹੇ ਸ਼ਬਦ "ਸੰਤ ਹੁਣ ਕੁੜੀ ਨੂੰ ਤਾਰਨ ਡਹਿ ਪਿਐ" ਵਿਭਚਾਰੀ ਤੇ ਪਖੰਡੀ ਸੰਤ ਮੰਡਲੀਆਂ ਉਤੇ ਤਗੜਾ ਵਿਅੰਗ ਹੈ। ਪਰ ਲੇਖਕ ਉਹਨਾਂ ਬਾਬਿਆਂ ਦੀ ਵੀ ਕਮਜ਼ੋਰੀ ਪੇਸ਼ ਕਰਦਾ ਹੈ ਜੋ ਬੀਬੇ ਦੀ ਮਦਦ ਲਈ ਬੰਦੇ ਕਰਨ ਗਏ ਹੀ ਨਹੀਂ ਬਹੁੜਦੇ। ਇਥੇ ਮਾਂ ਨੂੰ ਹੀ ਆਦਮਖੋਰ ਪੇਸ਼



Sri Satguru Jagjit Singh Ji eLibrary NamdhariElibrary@gmail.com

ਕੀਤਾ ਗਿਆ ਹੈ ਜੋ ਆਪਣੇ ਬੱਚਿਆਂ ਦੀ ਵੀ ਵੈਰੀ ਹੈ। ਆਦਮਖੋਰਾਂ ਤੋਂ ਕੌਣ ਬਚਾਏ ? ਪ੍ਰਸ਼ਨ ਪਾਠਕ ਸਾਹਮਣੇ ਹੈ।

'ਸਤਾਈ ਮੀਲ', ਤਸਵੀਰ ਪੇਸ਼ ਕਰਦੀ ਹੈ ਦੰਭੀ, ਰਾਜਨੀਤਕਾਂ ਦਾ ਜਿਨ੍ਹਾਂ ਦਾ ਕਿਸੇ ਦੀ ਮਦਦ ਕਰਨਾ ਪਖੰਡ ਹੈ ਤੇ ਸਵਾਰਥ ਵੀ। ਪਰ ਸਭ ਕੁਝ ਸਮਝ ਚੁਕਿਆ ਕਰਨੈਲ ਇਹ ਜਾਣਦਾ ਹੋਇਆ ਵੀ ਕਿ ਕਿਰਤੀ ਰਾਜਨੀਤਕਾਂ ਦੀ ਐਸ਼ ਲਈ ਮਿਹਨਤ ਕਰਦੇ ਹਨ, ਪ੍ਰੇਸ਼ਾਨ ਹੋਣ ਤੋਂ ਵਧ ਕੁਝ ਕਰਨ ਜੋਗਾ ਨਹੀਂ।

'ਜਲ ਭਰਮ' ਚੱਜ ਦਾ ਖਾਣ ਹੰਢਾਉਣ, ਵਾਹਵਾ ਨੋਟ ਗਿਣਨ ਦੇ ਚਾਹਵਾਨ, ਪੈਸਿਆਂ ਵਾਲੇ ਦੇ 'ਐਡਵੈਂਚਰ' ਕਰਨ ਤੇ ਉਹਨਾਂ ਦੇ ਆਗੂ ਮਾਸਟਰ ਦੀ ਰੇਗਿਸਤਾਨ ਦੇ ਰਸਤੇ ਸੜਦੇ ਭੁਜਦੇ ਭੁਖੇ-ਪਿਆਸੇ ਈਰਾਨ ਪਹੁੰਚਣ ਦੀ ਅਸਫਲਤਾ ਤੇ ਮੌਤ ਦਾ ਮੁਕਾਬਲਾ ਨਾ ਕਰ ਸਕਣ ਦੀ ਕਹਾਣੀ ਹੈ। ਬੜਾ ਸਜੀਵ ਵਾਤਾਵਰਣ ਚਿਤਰਿਆ ਹੈ।

'ਦਾਅ', ਪਹਿਲਵਾਨ ਗਿੰਦੇ ਦੇ ਆਪਣੇ ਪੁਤਰ ਬੱਬੂ ਦੇ ਇਲਾਜ ਲਈ ਸਰਪੰਚ ਵਲੋਂ ਮਹਿੰਗੀ ਮਦਦ ਦੀ ਆਸ ਦੀ ਕਹਾਣੀ ਹੈ। ਜਿਸ ਵਿਚ ਮਜਬੂਰ ਤਗੜਾ ਗਿੰਦਾ, ਸਰਪੰਚ ਦੇ ਮਾੜੇ ਮੁੰਡੇ ਮਲਕੀਤ ਤੋਂ ਘੋਲ ਵਿਚ ਹਾਰਨ ਲਈ ਘੁਲਦਾ ਹੈ। "ਇਹਨਾਂ ਵੱਡੇ ਲੋਕਾਂ ਦੇ ਦਾਅ ਬੜੇ ਹੀ ਭੈੜੇ ਹੁੰਦੇ ਨੇ ਭਾਊ", ਵੱਡੇ ਲੋਕਾਂ ਦੀ ਵਡਿਆਈ ਤੇ ਵਿਅੰਗ ਹੈ।

'ਤੀਲਾਂ', ਘਰ ਦੇ ਓਸ ਵੱਡੇ ਪੁੱਤਰ ਦੀ ਕਹਾਣੀ ਹੈ, ਜਿਸ ਨੂੰ ਵੋਟਾਂ ਦੇ ਦਿਨ ਪੀਲੀ ਝੰਡੀ ਵਾਲੀ ਕਾਰ ਤੇ ਬਹਿਣ ਦੀ ਥਾਂ ਸਾਇਕਲ ਉਤੇ ਲਾਲ ਝੰਡੀ ਬੰਨ੍ਹਣ ਕਰਕੇ ਪਿਓ-ਪੁਤਰ ਦੇ ਰਿਸ਼ਤੇ ਅਤੇ ਜ਼ਮੀਨ ਤੋਂ ਹੱਥ ਧੋਣੇ ਪਏ। ਮੋਏ ਪਿਓ ਦੀ ਅਰਥੀ ਨੂੰ ਮੋਢਾ ਦੇਣ ਦਾ ਹੱਕ ਵੀ ਨਾ ਮਿਲਿਆ। 'ਮਿੰਦਰ ਨੇ ਕੀ ਖੱਟਿਆ ?' ਦੇ ਜਵਾਬ ਵਿਚ ਉਹ ਭੈਣ ਨੂੰ ਕਹਿੰਦਾ ਹੈ "ਇਨਕਲਾਬ ਦੇ ਭਾਂਬੜ ਲਈ ਤੀਲਾ ਬਣਿਆ ਹਾਂ !" ਕਹਾਣੀ ਕ੍ਰਾਂਤੀ ਦੇ ਚਾਨਣ ਦਾ ਰਾਹ ਵਿਖਾਉਂਦੀ ਹੈ।

'ਨੌਯੁਗ', ਉਸ ਨੀਲੂ ਦੀ ਕਹਾਣੀ ਹੈ, ਜਿਹੜੀ "ਨੀਲੂ ਮਰ ਜਾਵੇਗੀ ਅਗਲੇ ਬੱਚੇ ਵਲੇ" ਡਾਕਟਰ ਦੀ ਦਿਤੀ ਚੇਤਾਵਨੀ ਦੇ ਬਾਵਜੂਦ ਪਹਿਲੇ ਬੱਚੇ ਦੇ ਨਾ ਰਹਿਣ ਪਿਛੋਂ ਮਾਂ ਬਣਨਾ ਪ੍ਰਵਾਨ ਕਰਦੀ ਹੈ। ਪਰ ਡਾਕਟਰਾਂ ਦੀ ਲਗਾਤਾਰ ਕੀਤੀ ਮਿਹਨਤ ਦੋਹਾਂ ਨੂੰ ਬਚਾ ਕੇ ਪਰਿਵਾਰ ਨੂੰ ਸੁਖੀ ਬਣਾਉਂਦੀ ਹੈ। ਇਹ ਡਾਕਟਰੀ ਖੇਤਰ ਵਿਚ ਹੋ ਰਹੀਆਂ ਮਨੁਖੀ ਭਲੇ ਲਈ ਖੋਜਾਂ ਵਲ ਸੰਕੇਤ ਹੈ।

'ਅਹਿਲਿਆ', ਇਕ ਅਪਾਹਜ ਕੁੜੀ ਸਰਿਤਾ ਦੀਆਂ ਭਾਵਨਾਵਾਂ ਦੀ ਕਹਾਣੀ ਹੈ, ਜਿਹੜੀ ਚਾਹੁੰਦੀ ਹੈ ਉਸ ਨੂੰ ਕੋਈ ਆਪਣਾ ਸਮਝਕੇ ਛੂਹੇ। ਉਹ ਕਿਸੇ ਨੌਜੁਆਨ ਦੀ ਉਸ ਨੂੰ ਲਿਖੀ ਚਿੱਠੀ ਦੇ ਭੁਲੇਖੇ ਵਿਚ ਕਿਵੇਂ ਲਾਲ-ਸੂਹੀ ਹੁੰਦੀ ਹੈ, ਉਹ ਜਜ਼ਬੇ ਕਹਾਣੀਕਾਰ ਨੇ ਸਾਕਾਰ ਕੀਤੇ ਹਨ। ਪਰ ਇਹ ਪਤਾ ਲਗਣ ਤੇ ਕਿ ਉਹ ਚਿੱਠੀ, ਨੌਜਵਾਨਾਂ ਨੂੰ ਬੁੱਧੂ ਬਣਾਉਣ ਵਾਲੀ ਸ਼ਿਖਾ ਦੇ ਦਿਤੇ ਗਲਤ ਨਾਂ ਅਤੇ ਪਤੇ ਉਤੇ ਸੀ, ਸਰਿਤਾ ਪੱਥਰ ਹੋ ਜਾਂਦੀ ਹੈ...ਅਹਿਲਿਆ !

'ਮਾਰਕੀਟ', ਗੋਦ ਲਏ ਜਾਣ ਵਾਲੇ ਬੱਚਿਆਂ ਸਬੰਧੀ ਡਾ. ਛੀਨੇ ਵਰਗੇ ਡਾਕਟਰਾਂ ਦੀ ਮਨੁਖੀ ਜਜ਼ਬੇ ਵਿਹੀਨ ਦਲਾਲ ਦੀ ਕਹਾਣੀ ਹੈ।

'ਡੰਗ', ਸ਼ਾਂਤਾ ਤੇ ਦਲਜੀਤ ਦੇ ਬਦਲੇ ਪਰਸਾਂ ਕਾਰਨ ਕੁਲਬੀਰ ਦੇ ਮਨ ਵਿਚ ਪੈਦਾ ਹੋਏ ਗੁਸੇ ਤੇ ਰੋਸ ਨੂੰ ਪੇਸ਼ ਕਰਦੀ ਹੈ ਤੇ 'ਫੋਟੋ ਵਿਚਲੀ ਕੁੜੀ' ਡਰਾਈਵਰ ਦੀ ਮਾਨਸਿਕਤਾ ਤੇ ਘਰ ਨਾਲ ਉਸ ਦੇ ਕਦੀ-ਕਦਾਈਂ ਜੁੜਨ ਕਾਰਨ ਬੀਵੀ ਬੱਚਿਆਂ ਦੀ ਉਦਾਸੀ ਦੀ ਕਹਾਣੀ ਹੈ।

ਇਹ ਕਹਾਣੀਆਂ ਸੁਖਜੀਤ ਦੇ ਵੱਖ ਵੱਖ ਖੇਤਰਾਂ ਵਿਚ ਪੇਸ਼ ਕੀਤੇ ਗਏ ਪੜ੍ਹੇ-ਸੁਣੇ-ਮਾਣੇ ਅਨੁਭਵਾਂ ਦੀ ਤਸਵੀਰ ਕਰਦੀਆਂ ਹਨ। ਕਹਾਣੀ ਲਿਖਣ ਵਿਚ ਉਸਦੀ ਪਕੜ ਪੀਡੀ ਹੈ। 'ਅੰਤਰਾ' ਪੜ੍ਹਦਿਆਂ ਪਾਠਕ ਮਹਿਸੂਸ ਕਰੇਗਾ ਕਿ ਉਸਨੇ ਕੁਝ ਗੁਆਇਆ ਨਹੀਂ ਕਮਾਇਆ ਹੈ।

ਰੀਵੀਊਕਾਰ :
**ਤਾਰਾ ਸਿੰਘ ਅਨਜਾਣ**

---

ਸਿਰਫ਼ ਹੀਰ ਲਈ ਕੰਨ ਪੜਵਾ ਲੈਣੇ,
ਇਹ ਇਸ਼ਕ ਤੇ ਸੱਜਣਾ ਭੰਗ ਦਾ ਏ।
ਐਪਰ ਇਸ਼ਕ ਜੋ ਆਸ਼ਕਾਂ ਸਾਦਕਾਂ ਦਾ,
ਜਿੰਨ੍ਹੂੰ ਆਪਣੇ ਰੰਗ ਵਿਚ ਰੰਗਦਾ ਏ।
ਉਹਦੀ ਤਾਬ ਅੱਗੇ ਕੋਈ ਤਾਬ ਵਾਲਾ,
ਨਾ ਕੋਈ ਖੰਘਿਆ ਏ ਨਾ ਕੋਈ ਖੰਘਦਾ ਏ।
'ਸਫ਼ਰੀ' ਯਾਰ ਦੀ ਗਲੀ ਇਕ ਗਲੀ ਐਸੀ,
ਜਿੱਥੋਂ ਵਿਰਲਾ ਹੀ ਸੂਰਮਾ ਲੰਘਦਾ ਏ।

**—ਸੰਤੋਖ ਸਿੰਘ ਸਫ਼ਰੀ**



Sri Satguru Jagjit Singh Ji eLibrary NamdhariElibrary@gmail.com

# ਸੁਰਜੀਤ ਖੁਰਸ਼ੀਦੀ ਨਮਿਤ ਸ਼ਰਧਾਂਜਲੀ ਸਮਾਗਮ

ਪੰਜਾਬੀ ਦੇ ਪ੍ਰਸਿੱਧ ਲੇਖਕ, ਪੱਤਰਕਾਰ, ਕੋਸ਼ਕਾਰ ਅਤੇ ਚਿੰਤਕ ਸੁਰਜੀਤ ਖੁਰਸ਼ੀਦੀ ਸ੍ਰੀ ਭੈਣੀ ਸਾਹਿਬ ਵਿਚ ੧੩ ਅਗਸਤ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ ਯਾਦ ਵਿਚ ਇਕ ਭਾਰੀ ਸ਼ਰਧਾਂਜਲੀ ਸਮਾਗਮ ਸ੍ਰੀ ਭੈਣੀ ਸਾਹਿਬ ਵਿਚ ੨੩-੮-੯ ਨੂੰ ਹੋਇਆ ਜਿਸ ਵਿਚ ਇਲਾਕੇ ਦੀਆਂ ਸਾਹਿਤ ਸਭਾਵਾਂ, ਸੰਗਤਾਂ, ਖੁਰਸ਼ੀਦੀ ਜੀ ਦੇ ਪਰਿਵਾਰਕ ਸੰਬੰਧੀਆਂ ਅਤੇ ਹੋਰ ਸੱਜਣਾਂ ਮਿੱਤਰਾਂ ਨੇ ਸ਼ਮੂਲੀਅਤ ਕੀਤੀ। ਵਿਸ਼ੇਸ਼ ਗੱਲ ਇਹ ਸੀ ਕਿ ਇਹ ਸਮਾਗਮ ਨਾਮਧਾਰੀ ਕੇਂਦਰ ਦੇ ਇਕ ਵਿਸ਼ੇਸ਼ ਸਥਾਨ ਹਰੀਮੰਦਰ ਵਿਚ ਹੋਇਆ ਅਤੇ ਚਾਰ ਘੰਟੇ ਤੋਂ ਉਪਰ ਚਲੇ ਸਮਾਗਮ ਵਿਚ ਸਾਰਾ ਸਮਾਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਬੈਠੇ ਰਹੇ। ਦੁਪਹਿਰ ਦੇ ਨਿਤਨੇਮ ਵਿਚ ਖੁਰਸ਼ੀਦੀ ਜੀ ਨਮਿਤ ਪਾਠ ਦਾ ਭੋਗ ਪਾਇਆ ਗਿਆ, ਕੀਰਤਨ ਹੋਇਆ ਅਤੇ ਫੇਰ ਸੁਖਜੀਤ ਸਿੰਘ ਦੇ ਸਟੇਜ ਪਰਬੰਧ ਹੇਠ ਸਮਾਗਮ ਸ਼ੁਰੂ ਹੋਇਆ।

ਸਭ ਤੋਂ ਪਹਿਲਾਂ ਸੁਖਜੀਤ ਨੇ ਖੁਰਸ਼ੀਦੀ ਬਾਰੇ ਜਾਣਕਾਰੀ ਭਰਪੂਰ ਪਰਚਾ ਪੜ੍ਹ ਕੇ ਸੁਣਾਇਆ, ਜਿਸ ਵਿਚ ਖੁਰਸ਼ੀਦੀ ਦੇ ਜੀਵਨ ਪਹਿਲੂਆਂ ਬਾਰੇ ਭਰਪੂਰ ਵਾਕਫੀ ਸੀ। ਉਸ ਬਾਦ ਲਖਬੀਰ ਸਿੰਘ ਨੇ ਇਕ ਕਵਿਤਾ ਦੁਆਰਾ ਸ਼ਰਧਾਂਜਲੀ ਭੇਟ ਕੀਤੀ। ਫੇਰ ਇਕ ਲੰਮੇ ਸਿਲਸਿਲੇ ਵਿਚ ਵਿਦਵਾਨਾਂ ਨੇ ਖੁਰਸ਼ੀਦੀ ਜੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਹਨਾਂ ਵਿਚ ਮੁਖ ਤੌਰ ਤੇ—ਪ੍ਰੋ. ਕਿਰਪਾਲ ਸਿੰਘ ਕਸੇਲ, ਅਜੈਬ ਚਿਤ੍ਰਕਾਰ, ਸਰਦਾਰ ਪੰਛੀ, ਐਸ. ਤਰਸੇਮ, ਇੰਦਰਜੀਤ ਹਸਨਪੁਰੀ, ਸੁਰਿੰਦਰ ਰਾਮਪੁਰੀ, ਗੁਰਪਾਲ ਲਿਟ, ਡਾ. ਗੁਲਜ਼ਾਰ ਮੁਹੰਮਦ ਗੋਰੀਆ, ਓਮ ਪ੍ਰਕਾਸ਼ ਅਤਰੇ ਸ਼ੀਨੀਅਰ ਐਡਵੋਕੇਟ ਜਗਰਾਓਂ, ਸੁਖਮਿੰਦਰ ਰਾਮਪੁਰੀ, ਮਾਸਟਰ ਨਿਹਾਲ ਸਿੰਘ ਜੀ, ਸੰਤ ਹਰਪਾਲ ਸਿੰਘ ਸੇਵਕ ਇਤਿਆਦੀ ਸ਼ਾਮਲ ਸਨ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸ. ਸੰਤੋਖ ਸਿੰਘ ਧੀਰ, ਜਨਰਲ ਸਕੱਤਰ ਪ੍ਰੋ. ਸੁਰਜੀਤ ਜੱਜ, ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸ. ਗੁਰਬਚਨ ਸਿੰਘ ਭੁੱਲਰ ਅਤੇ ਪ੍ਰਸਿੱਧ ਆਲੋਚਕ ਤੇ ਸਿਰਜਣਾ ਦੇ ਸੰਪਾਦਕ ਡਾ. ਰਘਬੀਰ ਸਿੰਘ ਹੋਰਾਂ ਵਲੋਂ ਭੇਜੇ ਮੋਹ ਅਤੇ ਵੈਰਾਗ-ਭਰੇ ਸੰਦੇਸ਼ ਪੜ੍ਹਕੇ ਸੁਣਾਏ ਗਏ। ਸ. ਜਗਦੀਸ਼ ਸਿੰਘ ਵਰਿਆਮ ਨੇ ਆਏ ਲੇਖਕਾਂ ਅਤੇ ਸਜਨਾਂ ਦਾ ਧੰਨਵਾਦ ਕੀਤਾ। ਸਾਰੇ ਵਕਤਿਆਂ ਨੇ ਇਕ ਜ਼ਬਾਨ ਵਿਚ ਖੁਰਸ਼ੀਦੀ ਜੀ ਨੂੰ ਗਿਆਨ ਅਤੇ ਕਰਮ ਦਾ ਸੁਮੇਲ ਦਸਿਆ। ਉਹਨਾਂ ਨੇ ਇਲਾਕੇ ਦੀਆਂ ਸਾਹਿਤ ਸਭਾਵਾਂ ਅਤੇ ਲੇਖਕਾਂ ਉਤੇ ਖੁਰਸ਼ੀਦੀ ਜੀ ਦੇ ਅਮਰ ਦੀ ਪ੍ਰਤੱਖ ਛਾਪ ਦੱਸੀ। ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਖੁਰਸ਼ੀਦੀ ਨੂੰ ਸੰਭਾਲਣ ਦੇ ਕਾਰਜ ਦੀ ਭਾਰੀ ਪਰਸੰਸਾ ਕੀਤੀ ਗਈ ਅਤੇ ਕਿਹਾ ਗਿਆ ਕਿ ਯੂਨੀਵਰਸਟੀ ਦਾ ਕੰਮ ਸਤਿਗੁਰੂ ਜੀ ਨੇ ਕੀਤਾ ਹੈ। ਜੇ ਸਤਿਗੁਰੂ ਜੀ ਖੁਰਸ਼ੀਦੀ ਨੂੰ ਨਾ ਸੰਭਾਲਦੇ ਤਾਂ ਇਹ ਸ਼ਰਧਾਂਜਲੀ ਸਮਾਗਮ ਬਹੁਤ ਚਿਰ ਪਹਿਲਾਂ ਹੋ ਜਾਣਾ ਸੀ।

ਅੰਤ ਉਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਖਿਆ ਕਿ ਮੈਂ ਜਿੰਨੀ ਸੇਵਾ ਕਰਨੀ ਚਾਹੁੰਦਾ ਹਾਂ ਨਹੀਂ ਕਰ ਸਕਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਨੂੰ ਸੇਵਾ ਕਰਨ ਦਾ ਮਾਰਗ ਦੱਸਿਆ ਹੈ ਤੇ ਜੀਅ ਕਰਦਾ ਹੈ ਬਜ਼ੁਰਗਾਂ, ਲੇਖਕਾਂ ਅਤੇ ਕਲਾਕਾਰਾਂ ਦੀ ਸੇਵਾ ਕਰੀਏ। ਲੇਖਕਾਂ ਨੂੰ ਚਾਹੀਦਾ ਹੈ ਕਿ ਉਹਨਾਂ ਦੀਆਂ ਲਿਖਤਾਂ ਤੋਂ ਨਫਰਤ ਦੇ ਬੀਜ ਪੁਟੇ ਜਾਣ ਅਤੇ ਪਿਆਰ ਦੀ ਗੰਢ ਪਵੇ ਅਤੇ ਏਕਤਾ ਹੋਵੇ। ਚਿੰਤਨ ਕਰਨ ਨਾਲ ਤਾਕਤ ਮਿਲਦੀ ਹੈ ਇਹ ਜ਼ਰੂਰ ਕਰਿਆ ਕਰੋ। ਆਪ ਜੀ ਨੇ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਨੂੰ ਉਚੇਚਿਆਂ ਯਾਦ ਕੀਤਾ ਜੋ ਸਮਾਗਮ ਤੇ ਨਹੀਂ ਆ ਸਕੇ, ਪਰ ਜਿਨ੍ਹਾਂ ਦੇ ਰਾਹੀਂ ਖੁਰਸ਼ੀਦੀ ਜੀ ਸ੍ਰੀ ਭੈਣੀ ਸਾਹਿਬ ਆਏ ਸੀ।

ਇਸ ਤੋਂ ਪਹਿਲਾਂ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਖੁਰਸ਼ੀਦੀ ਦੇ ਸਪੁੱਤਰ ਹਿਰਦੇਪਾਲ ਸਿੰਘ ਦੇ ਸਿਰ ਤੇ ਦਸਤਾਰ ਸਜਾਈ। ਪਰਿਵਾਰ ਨੂੰ ਧੀਰਜ ਬੰਨ੍ਹਾਈ ਅਤੇ ਖੁਰਸ਼ੀਦੀ ਸੁਪਤਨੀ ਬੀਬੀ ਬਲਵੰਤ ਕੌਰ ਨੂੰ ਭਰੋਸਾ ਦਿਤਾ ਕਿ ਪਰਿਵਾਰ ਦੀ ਮਦਦ ਉਵੇਂ ਹੀ ਜਾਰੀ ਰਹੇਗੀ ਜਿਵੇਂ ਖੁਰਸ਼ੀਦੀ ਜੀ ਦੇ ਵਕਤ ਸੀ। ਲੇਖਕਾਂ ਨੇ ਸਤਿਗੁਰੂ ਦੀ ਨਾਲ ਤਸਵੀਰਾਂ ਖਿਚਵਾਈਆਂ ਅਤੇ ਖੁਰਸ਼ੀਦੀ ਕੁਟੀਆ ਦੀ ਯਾਤਰਾ ਵੀ ਕੀਤੀ।

# 'ਪਿੰਡਾਂ ਵਿਚ ਸਿਹਤ ਅਤੇ ਸਿਖਿਆ ਦਾ ਪ੍ਰਬੰਧ' ਵਿਸ਼ੇ ਉਤੇ ਸੈਮੀਨਾਰ

ਜਲੰਧਰ—ਨਵੀਂ ਸਥਾਪਤ ਹੋਈ "ਪੰਜਾਬ ਅਕੈਡਮੀ ਆਫ ਸੋਸ਼ਲ ਸਾਇੰਸਿਜ਼ ਲਿਟਰੇਚਰ ਐਂਡ ਕਲਚਰ" ਵਲੋਂ



Sri Satguru Jagjit Singh Ji eLibrary NamdhariElibrary@gmail.com

ਆਪਣਾ ਪਹਿਲਾ ਸਮਾਗਮ ਮਿਤੀ ੭ ਨਵੰਬਰ ੧੯੯੮ ਨੂੰ ਗੁਰੂ ਨਾਨਕ ਜ਼ਿਲ੍ਹਾ ਲਾਇਬਰੇਰੀ ਜਲੰਧਰ ਦੇ ਆਡੀਟੋਰੀਅਮ ਵਿਚ ਕੀਤਾ ਗਿਆ। ਇਸ ਅਕੈਡਮੀ ਦੇ ਪ੍ਰਧਾਨ ਡਾ. ਜੋਗਿੰਦਰ ਸਿੰਘ ਪੁਆਰ ਉਪ-ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਹਨ ਅਤੇ ਜਨਰਲ ਸਕੱਤਰ ਡਾ. ਵਰਿਆਮ ਸਿੰਘ ਸੰਧੂ ਹਨ। ਇਸ ਪਹਿਲੇ ਸਮਾਗਮ ਵਿਚ ਵਿਦਵਾਨਾਂ ਦੀ ਭਰਵੀਂ ਹਾਜ਼ਰੀ ਸੀ ਅਤੇ ਇਹਨਾਂ ਦਾ ਪਹਿਲਾ ਸੈਮੀਨਾਰ "ਪਿੰਡਾਂ ਵਿਚ ਸਿਹਤ ਅਤੇ ਸਿਖਿਆ ਦਾ ਪ੍ਰਬੰਧ" ਵਿਸ਼ੇ ਉਤੇ ਕੇਂਦਰਿਤ ਸੀ। ਇਸ ਵਿਚ—ਸਿਹਤ ਸਿਖਿਆ ਅਤੇ ਅਰਥਚਾਰੇ ਨਾਲ ਸੰਬੰਧਿਤ—ਵਿਦਵਾਨਾਂ ਪਾਸੋਂ ਪਰਚੇ ਵੀ ਲਿਖਵਾਏ ਗਏ ਸਨ। ਭਾਵੇਂ ਅਕੈਡਮੀ ਦਾ ਸਾਰਾ ਹੀ ਨਾਮ ਅੰਗਰੇਜ਼ੀ ਵਿਚ ਹੈ ਅਤੇ ਪਰਚੇ ਵੀ ਅੰਗਰੇਜ਼ੀ ਵਿਚ ਲਿਖੇ ਹੋਏ ਸਨ, ਪਰ ਜਨਰਲ ਸਕੱਤਰ ਦੇ ਸੰਕੇਤ ਤੇ ਸਭ ਨੇ ਆਪਣੇ ਪਰਚਿਆਂ ਦਾ ਤੱਤ ਵਧੀਆ ਪੰਜਾਬੀ ਵਿਚ ਪ੍ਰਭਾਵ-ਸ਼ਾਲੀ ਢੰਗ ਨਾਲ ਪੇਸ਼ ਕੀਤਾ। ਸੈਮੀਨਾਰ ਦਾ ਉਦਘਾਟਨੀ ਭਾਸ਼ਣ ਡਾ. ਇੰਦਰਪਾਲ ਸਿੰਘ ਪ੍ਰੋ: ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਦਿਤਾ। ਉਹਨਾਂ ਕਿਹਾ ਕਿ ਦੇਸ਼ ਦੀ ਆਤਮਾ ਪਿੰਡਾਂ ਵਿਚ ਹੀ ਹੈ, ਇਸ ਵਾਸਤੇ ਪਿੰਡਾਂ ਦੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਕਰਨ ਦੀ ਲੋੜ ਹੈ। ਅਕੈਡਮੀ ਦਾ ਮਕਸਦ ਦੱਸਦਿਆਂ ਡਾ. ਪੁਆਰ ਨੇ ਕਿਹਾ ਕਿ ਇਹ ਅਕੈਡਮੀ ਪੰਜਾਬੀ ਲੋਕਾਂ ਦੇ ਭਖਦੇ ਮਸਲਿਆਂ ਬਾਰੇ ਬਿਨਾਂ ਪੱਖਪਾਤ ਦੇ ਪ੍ਰਸ਼ੰਸਾ ਜਾਂ ਨਿੰਦਾ-ਭਾਵ ਤੋਂ ਨਿਰਲੇਪ ਰਹਿਕੇ ਪੜਚੋਲ ਕਰਨ ਅਤੇ ਸੇਧ ਦੇਣ ਲਈ ਇਕ ਫੋਰਮ ਵਜੋਂ ਕੰਮ ਕਰੇਗੀ।

ਪ੍ਰੋ. ਆਰ. ਪੀ. ਗੋਇਲ ਨੇ ਪਿੰਡਾਂ ਵਿਚ ਸਿਖਿਆ ਦੇ ਪ੍ਰਬੰਧਾਂ ਬਾਰੇ ਵਿਚਾਰ ਉਤੇਜਤ ਭਾਸ਼ਣ ਦਿਤਾ। ਇਸੇ ਵਿਸ਼ੇ ਉਤੇ ਹੀ ਡਾ. ਐਨ. ਐਲ. ਪੰਗੋਤਰਾ ਬੋਲੇ। ਇਨ੍ਹਾਂ ਨੇ ਪਿੰਡਾਂ ਵਿਚ ਸਿਖਿਆ ਦੇ ਪ੍ਰਬੰਧ, ਸਕੂਲੀ ਇਮਾਰਤਾਂ, ਅਧਿਆਪਕਾਂ ਅਤੇ ਅਧਿਆਪਨ ਸਮੱਗਰੀ ਦੀ ਘਾਟ ਅਤੇ ਆਮ ਪ੍ਰਬੰਧ ਵਿਚ ਖਾਮੀਆਂ ਤੇ ਤੱਥ-ਪੂਰਨ ਜਾਣਕਾਰੀ ਦਿਤੀ। ਡਾ. ਸੁੱਚਾ ਸਿੰਘ ਗਿੱਲ ਅਤੇ ਡਾ. ਆਰ. ਐਸ. ਘੁੰਮਣ ਦੇ ਸਾਂਝੇ ਪਰਚੇ 'ਪਿੰਡਾਂ ਵਿਚ ਸਿਹਤ ਦਾ ਵਿਸ਼ਾ' ਡਾ. ਸੁੱਚਾ ਸਿੰਘ ਨੇ ਦਿਲਚਸਪ ਸ਼ਬਦਾਵਲੀ ਵਿਚ ਰੱਖਿਆ। ਇਹ ਵਿਦਵਾਨ ਅਰਥ-ਸ਼ਾਸਤਰੀ ਹਨ ਅਤੇ ਇਹਨਾਂ ਨੇ ਇਸੇ ਕੋਣ ਤੋਂ ਸਿਹਤ ਦੇ ਵਿਸ਼ੇ ਨੂੰ ਬਾਖੂਬੀ ਪੇਸ਼ ਕੀਤਾ।

ਸਰਕਾਰ ਅਤੇ ਕਰਮਚਾਰੀਆਂ ਦੀ ਲਾਪਰਵਾਹੀ ਨਾਲ ਪਿੰਡਾਂ ਵਿਚ ਘਟੀਆ ਸਿਹਤ ਸਹੂਲਤਾਂ ਪੀਣ ਵਾਲੇ ਪਾਣੀ ਦੀ ਘਾਟ, ਗੰਦੇ ਪਾਣੀ ਦੀ ਬਹੁਤਾਤ ਕਾਰਨ ਪ੍ਰਦੂਸ਼ਣ ਦੀ ਪੈਦਾ ਹੋਈ ਭਾਰੀ ਸਮਸਿਆ ਨੂੰ ਉਭਾਰਕੇ ਪੇਸ਼ ਕੀਤਾ। ਅੰਮ੍ਰਿਤਸਰ ਤੋਂ ਆਏ ਡਾਕਟਰ ਅਵਤਾਰ ਸਿੰਘ ਨੇ ਨਿਤ ਨਵੀਆਂ ਬੀਮਾਰੀਆਂ ਦਾ ਜ਼ਿਕਰ ਕੀਤਾ ਅਤੇ ਉਹਨਾਂ ਤੋਂ ਬਚਾਅ ਵਾਸਤੇ ਵਿਵਹਾਰਕ ਡਾਕਟਰੀ ਦੇ ਪੱਖ ਤੋਂ ਨੁਕਤੇ ਸਮਝਾਏ।

ਇਹ ਇਕ ਨਵੀਂ ਕਿਸਮ ਦਾ ਹੀ ਸੈਮੀਨਾਰ ਸੀ ਅਤੇ ਪਿੰਡਾਂ ਦੀ ਸਿਹਤ ਅਤੇ ਵਿਦਿਆ ਬਾਰੇ ਬਹੁਤ ਦਿਲਚਸਪ ਗੱਲਾਂ ਸੁਣਨ ਨੂੰ ਮਿਲੀਆਂ ਅਤੇ ਸਰੋਤਿਆਂ ਨੇ ਸੈਮੀਨਾਰ ਨੂੰ ਧਿਆਨ ਨਾਲ ਸੁਣਿਆ। ਚਰਚਾ ਵਿਚ ਭਾਗ ਲੈਣ ਵਾਲੇ ਵਿਦਵਾਨਾਂ ਅਤੇ ਵਿਚਾਰਕਾਂ ਦੀ ਲੰਮੀ ਸੂਚੀ ਹੈ। ਇਹਨਾਂ ਵਿਚੋਂ ਪ੍ਰਿੰ. ਸਰਵਣ ਸਿੰਘ, ਡਾ. ਪ੍ਰਕਾਸ਼ ਸਿੰਘ ਜੰਮੂ, ਡਾ. ਨਿਰਮਲ ਸਿੰਘ ਲਾਂਬੜਾ, ਡਾ. ਚਮਨ ਲਾਲ ਪਟਿਆਲਾ, ਡਾ. ਅਵਤਾਰ ਸਿੰਘ ਢੇਸੀ, ਡਾ. ਡੀ. ਆਰ. ਵਿਜ, ਸ. ਕੰਵਲਜੀਤ ਸਿੰਘ ਸੂਰੀ, ਸ. ਜਗਜੀਤ ਸਿੰਘ, ਅਨੰਦ, ਡਾ. ਜਸਮੇਲ ਸਿੰਘ ਬਰਾੜ, ਡਾ. ਮਲਕੀਤ ਕੌਰ, ਪ੍ਰੋ. ਸੰਤੋਖ ਸਿੰਘ ਔਜਲਾ, ਸ. ਗੁਰਮੀਤ ਸਿੰਘ ਢੱਡਾ, ਬਲਦੇਵ ਸਿੰਘ, ਕੁਲਵੰਤ ਸਿੰਘ ਅਤੇ ਪੰਡਿਤ ਕ੍ਰਿਸ਼ਨ ਲਾਲ ਪਰਵਾਨਾ ਆਦਿ ਸ਼ਾਮਲ ਸਨ।

ਆਪਣੇ ਵਿਸ਼ੇ ਉਤੇ ਸਾਰਥਕ ਗੱਲ ਉਭਾਰਨ ਵਿਚ ਇਹ ਸੈਮੀਨਾਰ ਬਹੁਤ ਸਫਲ ਰਿਹਾ। ਜੇ ਇਥੇ ਕਹੀਆਂ ਸੁਣੀਆਂ ਗੱਲਾਂ ਦਾ ਵਿਆਪਕ ਪਰਚਾਰ ਹੋ ਸਕੇ ਤਾਂ ਇਹ ਲੋਕਾਂ ਲਈ ਬਹੁਤ ਲਾਹੇਵੰਦ ਗੱਲ ਹੋਵੇਗੀ। ਡਾ. ਵਰਿਆਮ ਸਿੰਘ ਸੰਧੂ ਨੇ ਮੰਚ ਸੰਚਾਲਨ ਆਪਣੇ ਰਵਾਇਤੀ ਅੰਦਾਜ਼ ਵਿਚ ਕਰਕੇ ਹੋਰ ਵੀ ਦਿਲਚਸਪੀ ਬਣਾਈ ਰਖੀ। ਸਾਰੇ ਪੰਜਾਬ 'ਚੋਂ ਚੋਟੀ ਦੇ ਵਿਦਵਾਨ ਪੁਜੇ ਸਨ। ਆਯੋਜਕਾਂ ਨੇ ਵਧੀਆ ਪ੍ਰਬੰਧ ਕੀਤਾ ਹੋਇਆ ਸੀ।

## ਬੀਬੀ ਰਜਵੰਤ ਕੌਰ ਨਮਿਤ ਸਮਾਗਮ

ਸੰਤ ਦਲੀਪ ਸਿੰਘ ਨਾਮਧਾਰੀ ਚੇਅਰਮੈਨ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੀ ਧਰਮ ਪਤਨੀ ਸ੍ਰੀਮਤੀ ਰਜਵੰਤ ਕੌਰ ੨੦ ਅਕਤੂਬਰ ਨੂੰ ਆਪਣੀ ਜੀਵਨ ਯਾਤਰਾ ਸੰਪੂਰਨ ਕਰ ਗਏ ਸਨ। ਉਹਨਾ ਦਾ ਸਸਕਾਰ ੨੧ ਅਕਤੂਬਰ ਨੂੰ ਲੁਧਿਆਣੇ ਵਿਚ ਕੀਤਾ ਗਿਆ। ਅੰਤਮ ਯਾਤਰਾ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਸਾਧ ਸੰਗਤ



Sri Satguru Jagjit Singh Ji eLibrary NamdhariElibrary@gmail.com

ਕੀਰਤਨ ਕਰਦੀ ਹੋਈ ਸ਼ਾਮਲ ਹੋਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਬੀਬੀ ਜੀ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ੨੯ ਅਕਤੂਬਰ ੧੯੯੮ ਨੂੰ ਸ੍ਰੀ ਭੈਣੀ ਸਾਹਿਬ ਸਿਮ੍ਰਤੀ ਮੰਦਰ ਵਿਚ ਪਾਇਆ ਗਿਆ। ਇਸ ਦਿਨ ਭਾਰੀ ਸਮਾਗਮ ਹੋਇਆ। ਦੂਰ-ਦੁਰਾਡੇ ਥਾਵਾਂ ਤੋਂ ਸਾਧ ਸੰਗਤ ਵਿਦਿਅਕ ਜਥਿਆਂ ਦੇ ਨੌਜਵਾਨ ਤੇ ਬੀਬੀਆਂ ਰਿਸ਼ਤੇਦਾਰ ਸੰਬੰਧੀ ਅਤੇ ਸਨੇਹੀ ਪੁਜੇ ਹੋਏ ਸਨ। ਰਤਵਾੜਾ ਸਾਹਿਬ ਵਾਲੇ ਮਹਾਂਪੁਰਖ ਸ੍ਰੀਮਾਨ ਸੰਤ ਵਰਿਆਮ ਸਿੰਘ ਜੀ ਵੀ ਆਪਣੇ ਸੇਵਕਾਂ ਸਹਿਤ ਪਧਾਰੇ ਅਤੇ ਬਹੁਤ ਸਮਾਂ ਦੀਵਾਨ ਵਿਚ ਸ਼ਾਮਲ ਰਹੇ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਦਿਨ ਵੇਲੇ ਸੂਬਾ ਨਿਰੰਜਨ ਸਿੰਘ ਕੱਕੜ, ਸੂਬਾ ਸੇਵਾ ਸਿੰਘ ਅਤੇ ਜਥੇਦਾਰ ਇਕਬਾਲ ਸਿੰਘ ਨੇ ਹੱਲੇ ਦੇ ਦੀਵਾਨ ਸਜਾਏ। ਇਕ ਘੰਟਾ ਨਾਮ ਸਿਮਰਨ ਹੋਇਆ। ਬੀਬੀ ਜੀ ਨਮਿਤ ਪਾਠ ਦਾ ਭੋਗ ਪਾਇਆ ਗਿਆ। ਹਜ਼ੂਰੀ ਰਾਗੀਆਂ ਦਾ ਕੀਰਤਨ ਹੋਇਆ ਅਤੇ ਅੰਤ 'ਤੇ ਸ਼ਰਧਾਂਜਲੀ ਸਮਾਗਮ ਵਿਚ ਸਿਲਸਲੇਵਾਰ ਪ੍ਰੋ. ਕਰਤਾਰ ਸਿੰਘ ਕਾਲੜਾ, ਸ. ਸ਼ਮਸ਼ੇਰ ਸਿੰਘ ਜਾਮ ਨਗਰ (ਬੀਬੀ ਜੀ ਦੇ ਭਰਾਤਾ ਜੀ), ਆਈ.ਐਸ. ਜਸਪਾਲ, ਪ੍ਰੋ. ਗੁਰਭਜਨ ਗਿੱਲ ਲੁਧਿਆਣਾ, ਸ. ਮਲਕੀਤ ਸਿੰਘ ਦਾਖਾ, ਠੇਕੇਦਾਰ ਸੁਰਜਨ ਸਿੰਘ ਅਕਾਲੀ ਨੇਤਾ, ਸ. ਜਗਦੀਸ਼ ਸਿੰਘ ਸੰਪਾਦਕ 'ਵਰਿਆਮ', ਗਿਆਨੀ ਭਗਤ ਸਿੰਘ ਲੁਧਿਆਣਾ, ਸ. ਭਰਪੂਰ ਸਿੰਘ ਬਲਬੀਰ ਨੇ ਸੰਵੇਦਨਾ ਪ੍ਰਗਟ ਕੀਤੀ। ਬੁਲਾਰਿਆਂ ਨੇ ਬੀਬੀ ਜੀ ਵਲੋਂ ਇਕ ਸਫਲ ਅਧਿਆਪਕਾ, ਲੇਖਿਕਾ, ਪਰਬੰਧਕ ਅਤੇ ਦਲੀਪ ਸਿੰਘ ਜੀ ਦੇ ਸਹਾਇਕ ਵਜੋਂ ਨਿਭਾਈ ਭੂਮਿਕਾ ਨੂੰ ਯਾਦ ਕੀਤਾ। ਸੰਤ ਵਰਿਆਮ ਸਿੰਘ ਜੀ ਨੇ ਉਪਦੇਸ਼ ਦਿੰਦਿਆਂ ਜੀਵਨ ਅਤੇ ਮੌਤ ਦੀ ਵਿਆਖਿਆ ਕੀਤੀ। ਸਭ ਤੋਂ ਅੰਤ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਭਾਣਾ ਮੰਨਣ ਦਾ ਉਪਦੇਸ਼ ਦਿਤਾ ਗਿਆ। ਸੰਤ ਅਜੀਤ ਸਿੰਘ ਲੁਧਿਆਣਾ ਨੇ ਸਟੇਜ ਸੰਚਾਲਨ ਕਰਦਿਆਂ। ਮਾਸਟਰ ਨਿਹਾਲ ਸਿੰਘ ਜੀ, ਮਾ. ਅਜੀਤ ਸਿੰਘ ਚੀਮਾ ਅਤੇ ਹੋਰ ਬੁਲਾਰਿਆਂ ਨੂੰ ਵੀ ਯਾਦ ਕੀਤਾ ਅਤੇ ਆਏ ਸ਼ੋਕ ਸੁਨੇਹੇ ਵੀ ਪੜ੍ਹ ਕੇ ਸੁਣਾਏ।

## ਆਲਮ ਚਕ੍ਰਵਰਤੀ ਦੀ ਯਾਦ ਵਿਚ ਮੇਲਾ

ਸ੍ਰੀ ਭੈਣੀ ਸਾਹਿਬ ਵਿਚ ੧੩ ਅਕਤੂਬਰ ਨੂੰ ਨਾਮਧਾਰੀ ਪੰਥ ਦੇ ਦੋ ਪ੍ਰਸਿਧ ਵਿਦਵਾਨਾਂ ਸੰਤ ਨਿਧਾਨ ਸਿੰਘ ਆਲਮ ਅਤੇ ਸੰਤ ਇੰਦਰ ਸਿੰਘ ਚਕ੍ਰਵਰਤੀ ਦੀ ਯਾਦ ਵਿਚ ਇਕ-ਦਿਵਸੀ ਸਮਾਗਮ ਕੀਤਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਏ ਇਸ ਸਮਾਗਮ ਵਿਚ ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਸ਼ੇਰ ਸਿੰਘ ਗਿੱਲ, ਡਾ. ਹਰਿੰਦਰ ਸਿੰਘ ਭੱਟੀ, ਸ. ਸਵਰਨ ਸਿੰਘ ਵਿਰਕ, ਦਵਿੰਦਰ ਸਿੰਘ ਗਿੱਲ ਜੀਆਨੱਥਾ (ਪਰਚਾ ਪੜ੍ਹਿਆ), ਸੂਬਾ ਸੁਰਿੰਦਰ ਕੌਰ ਖਰਲ (ਪਰਚਾ ਪੜ੍ਹਿਆ), ਸ. ਸਾਧੂ ਸਿੰਘ ਕਿਸਾਨ, ਸ੍ਰੀ ਮੋਹਨ ਕੰਬੋਜ, ਮਾਸਟਰ ਅਮਰੀਕ ਸਿੰਘ, ਮਾਸਟਰ ਨਿਹਾਲ ਸਿੰਘ ਜੀ, ਸ. ਭਰਪੂਰ ਸਿੰਘ ਬਲਬੀਰ, ਦਲਜੀਤ ਸਾਹੀ ਨੇ ਵਿਚਾਰ ਰਖੇ। ਸੰਤ ਤਰਸੇਮ ਸਿੰਘ ਜੀ ਨੇ ਸਟੇਜ ਦੀ ਕਾਰਵਾਈ ਦਾ ਸੰਚਾਲਨ ਕੀਤਾ। ਆਲਮ ਜੀ ਦੇ ਸਪੁਤਰ ਟਿੱਕਾ ਤਿਰਲੋਚਨ ਸਿੰਘ ਤੇ ਚਕ੍ਰਵਰਤੀ ਜੀ ਦੀ ਸਪੁਤਰੀ ਬੀਬੀ ਮਾਲਵਿੰਦਰ ਕੌਰ ਪਰਿਵਾਰਾਂ ਸਹਿਤ ਆਏ ਹੋਏ ਸਨ। ਇਹਨਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਅਵਸਰ ਤੇ ਸੰਤ ਨਿਧਾਨ ਸਿੰਘ ਆਲਮ ਰਚਿਤ ਪੁਸਤਕ 'ਨਾਮਧਾਰੀ ਸਿਧਾਂਤ ਪ੍ਰਦਰਸ਼ਨ' ਵੀ ਰੀਲੀਜ਼ ਕੀਤੀ ਗਈ। ਦੋ ਹੋਰ ਛੋਟੀਆਂ ਪੁਸਤਕਾਂ 'ਕਲਮ ਦੇ ਧਨੀ ਸੰਤ ਇੰਦਰ ਸਿੰਘ ਚਕ੍ਰਵਰਤੀ' ਅਤੇ 'ਸੰਤ ਨਿਧਾਨ ਸਿੰਘ ਆਲਮ – ਜੀਵਨ ਤੇ ਰਚਨਾ' ਸ੍ਰੀ ਦੇਵਿੰਦਰ ਸਿੰਘ ਗਿੱਲ ਦੀਆਂ ਲਿਖੀਆਂ ਵੀ ਰੀਲੀਜ਼ ਕੀਤੀਆਂ ਗਈਆਂ। ਸਤਿਗੁਰੂ ਜਗਜੀਤ ਸਿੰਘ ਜੀ ਨੇ ਪਰਵਚਨ ਵਿਚ ਕਿਹਾ ਕਿ ਇਹਨਾਂ ਦੋਹਾਂ ਵਿਦਵਾਨਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਵਿਚ ਰਹਿਕੇ ਪਰਚਾਰ ਕੀਤਾ। ਇਸ ਵੇਲੇ ਵਿਦਵਾਨਾਂ, ਪ੍ਰਚਾਰਕਾਂ, ਜਥੇਦਾਰਾਂ ਨੂੰ ਸਾਂਭਣ ਦੀ ਲੋੜ ਹੈ। ਅੰਤ ਉਤੇ ਆਏ ਵਿਦਵਾਨਾਂ ਨੂੰ ਸਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ।

## ਮੇਲਾ ਹਰਿਬਲਭ

ਜਲੰਧਰ ਵਿਚ ਹਰ ਸਾਲ ਲਗਣ ਵਾਲਾ ਸ਼ਾਸਤਰੀ ਰਾਗਾਂ ਦਾ ਮੇਲਾ ਇਸ ਵਾਰ ੨੫-੨੬-੨੭ ਦਸੰਬਰ ਨੂੰ ਦੇਵੀ ਤਾਲਾਬ ਮੰਦਰ ਦੇ ਪਰੀਸਰ ਵਿਚ ਪੂਰੀ ਧੂਮਧਾਮ ਨਾਲ ਹੋ ਰਿਹਾ ਹੈ। ਸ੍ਰੀ ਬਾਬਾ ਹਰਿਬਲਭ ਸੰਗੀਤ ਮਹਾਂ ਸਭਾ ਨੇ ਇਕ ਇਕੱਤਰਤਾ ਵਿਚ ਪੁਰਾਣੇ ਪ੍ਰਧਾਨ ਸ੍ਰੀ ਵਾਸਤਵਾ ਦੀ ਸੇਵਾ ਦੀ ਪਰਸੰਸਾ ਕੀਤੀ ਹੈ ਅਤੇ ਅਗੋਂ ਤੋਂ ਇਸ ਸੰਸਥਾ ਦੀ ਪ੍ਰਧਾਨਗੀ ਦੀ ਜੁਮੇਵਾਰੀ 'ਹਿੰਦ ਸਮਾਚਾਰ ਗਰੁਪ' ਅਖਬਾਰਾਂ ਦੇ ਐਡੀਟਰ ਸ੍ਰੀ ਵਿਜੇ ਚੋਪੜਾ ਦੇ ਮੋਢਿਆਂ ਤੇ ਪਾ ਦਿਤੀ ਹੈ। ਉਹਨਾਂ ਦੀ ਟੀਮ ਨੇ ਕੰਮ ਸ਼ੁਰੂ ਕਰ ਦਿਤਾ ਹੈ। ਦੇਸ਼



Sri Satguru Jagjit Singh Ji eLibrary NamdhariElibrary@gmail.com

ਦੇ ਚੋਟੀ ਦੇ ਕਲਾਕਾਰ, ਗਾਇਕ, ਸਿਤਾਰ ਸਰੋਦ ਸਰੰਗੀ ਤਬਲਾ ਵਾਦਕ ਇਥੇ ਪਧਾਰ ਰਹੇ ਹਨ। ਸਵਾ ਸੌ ਸਾਲ ਤੋਂ ਉਪਰ ਦੀ ਉਮਰ ਦੇ ਇਸ ਮੇਲੇ ਵਿਚ ਕੇਵਲ ਸ਼ਾਸ਼ਤਰੀ ਸੰਗੀਤ ਹੀ ਗਾਇਆ ਵਜਾਇਆ ਜਾ ਸਕਦਾ ਹੈ ਇਸੇ ਕਰਕੇ ਇਸ ਨੂੰ ਪੱਕੇ ਰਾਗਾਂ ਦਾ ਮੇਲਾ ਵੀ ਕਿਹਾ ਜਾਂਦਾ ਹੈ।

## ਸਨਖਤਰਾ ਪਰਿਵਾਰ ਨੂੰ ਮਾਣ

ਸਤਿਗੁਰੂ ਜਗਜੀਤ ਸਿੰਘ ਜੀ ਨੇ ਸਵਰਗੀ ਮਹੰਤ ਆਤਮਾ ਸਿੰਘ ਸਨਖਤਰਾ ਦੇ ਸਪੁੱਤਰ ਸੰਤ ਇੰਦਰ ਸਿੰਘ ਪਿੰਡ ਰੌਲੀਆ ਨੂੰ ਸੂਬਾ ਦੀ ਸਨਮਾਨ ਯੋਗ ਪਦਵੀ ਨਾਲ ਸਤਿਕਾਰਿਆ ਹੈ।

ਇਸੇ ਤਰ੍ਹਾਂ ਮਹੰਤ ਜੀ ਦੇ ਪੋਤਰੇ (ਸਵਰਗੀ ਸੰਤ ਜੁਗਿੰਦਰ ਸਿੰਘ ਦੇ ਸਪੁੱਤਰ) ਸੰਤ ਸਤਨਾਮ ਸਿੰਘ ਅਹੀਆ ਪੁਰ ਨੂੰ ਇਲਾਕੇ ਦੀ ਸੰਗਤ ਦਾ ਪ੍ਰਧਾਨ ਥਾਪਿਆ ਹੈ। ਸੰਤ ਪ੍ਰਭਜੋਤ ਸਿੰਘ ਪਿੰਡ ਰਾਣੀ ਨੂੰ ਸਤਿਗੁਰੂ ਜੀ ਨੇ ਜਥੇਦਾਰ ਥਾਪਿਆ ਹੈ। ਇਹ ਸਾਰੇ ਸਜਨ ਬਹੁਤ ਉਤਸ਼ਾਹੀ ਸੇਵਕ ਹਨ। ਸਨਖਤਰਾ ਪਰਿਵਾਰ ਵਲੋਂ ਇਸ ਨਿਵਾਜ਼ਿਸ਼ ਲਈ ਧੰਨਵਾਦ ਕੀਤਾ ਗਿਆ ਹੈ।

---

## ਵਰਿਆਮ ਨੂੰ ਸਹਾਇਤਾ

ਬੀਬੀ ਹਰਭਜਨ ਕੌਰ ਦੇ ਭੋਗ ਸਮੇਂ ਸੰਤ ਬਲਦੇਵ ਸਿੰਘ, ਸੰਤ ਅਜਾਇਬ ਸਿੰਘ, ਅਤੇ ਸੰਤ ਤਾਰਾ ਸਿੰਘ, ਪਿੰਡ ਮੁਠੱਡਾ ਕਲਾਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਵਲੋਂ ਮਾਸਕ 'ਵਰਿਆਮ' ਲਈ ੨੦੦/-ਰੁਪਏ ਸਹਾਇਤਾ ਸ ਮਨਜੀਤ ਸਿੰਘ 'ਜੰਡੂ' ਗੁਰਾਇਆ ਰਾਹੀਂ ਭੇਜੀ ਗਈ।

| | |
|---|---|
| ਸ੍ਰੀ ਚਮਨ ਲਾਲ ਲੱਕੀ ਜਲੰਧਰ ਵਲੋਂ | ੨੦੦/- |
| ਸੰਤ ਗੁਰਦੇਵ ਸਿੰਘ ਅਮਰੀਕਾ | ੧੦੦/- |
| ਸੂਬਾ ਹਰਬੰਸ ਸਿੰਘ ਔਰੰਗਾਬਾਦ | ੫੦੦/- |
| ਸ. ਮਹਿੰਦਰ ਸਿੰਘ ਬਾਲੀ ਨਗਰ, ਨਵੀਂ ਦਿੱਲੀ | ੫੦੦/- |
| ਸ. ਦਵਿੰਦਰ ਸਿੰਘ ਸਪੁਤਰ ਸ. ਪੂਰਨ ਸਿੰਘ ਜਲੰਧਰ, ਦੁਕਾਨ ਤੇ ਹਵਨ ਸਮੇਂ | ੧੦੦/- |
| ਸ. ਮੋਹਨ ਸਿੰਘ ਓਸਾਹਨ ਸਪੁਤਰ ਸੰਤ ਇੰਦਰ ਸਿੰਘ ਜਲੰਧਰ, ਦੁਕਾਨ ਤੇ ਵਾਰ ਅਤੇ ਭੋਗ ਸਮੇਂ | ੧੦੧/- |

## ਪ੍ਰਤੀਕਰਮ

ਤੁਹਾਡਾ ਪਰਚਾ 'ਵਰਿਆਮ' ਲਗਾਤਾਰ ਪ੍ਰਾਪਤ ਹੋ ਰਿਹਾ ਹੈ। 'ਵਰਿਆਮ' ਦੇ ਚੌਵੀਵੇਂ ਵਰ੍ਹੇ ਵਿਚ ਦਾਖਲ ਹੋਣ ਉਤੇ ਆਪ ਨੂੰ ਬਹੁਤ ਬਹੁਤ ਵਧਾਈ। 'ਵਰਿਆਮ' ਨੇ ਇਨ੍ਹਾਂ ਵਰ੍ਹਿਆਂ ਵਿਚ ਆਪਣੇ ਕੇਂਦਰੀ ਨੁਕਤੇ 'ਨਾਮਧਾਰੀ ਲਹਿਰ' ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਤਾਂ ਯੋਗਦਾਨ ਪਾਇਆ ਹੀ ਹੈ, ਪਰ ਜੋ ਤੁਸੀਂ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ ਇਹ ਇਕ ਵਿਸ਼ੇਸ਼ ਮਹੱਤਤਾ ਵਾਲਾ ਕਾਰਜ ਕੀਤਾ ਹੈ। ਪੰਜਾਬੀਅਤ ਨਾਲ ਜੁੜੇ ਕਈ ਗੰਭੀਰ ਮਸਲਿਆਂ ਉਤੇ ਤੁਸਾਂ ਵੱਖ ਵੱਖ ਵਿਦਵਾਨਾਂ ਤੋਂ ਲੇਖ ਲਿਖਵਾਕੇ, ਪ੍ਰਕਾਸ਼ਤ ਕਰਕੇ ਇਕ ਨਰੋਈ ਸੇਧ ਦਿਤੀ ਹੈ। ਆਪਣੀ ਪ੍ਰਤੀਬੱਧਤਾ ਅਨੁਸਾਰ ਤੁਸੀਂ ਕੇਂਦਰੀ ਪੰਜਾਬੀ ਲੇਖਕ ਸਭਾ (ਧੀਰ) ਹੁਰਾਂ ਦੀ ਪੂਰਨ ਸਮਰਥਾ ਅਨੁਸਾਰ ਨੈਤਿਕ ਅਤੇ ਮਾਇਕ ਸਹਾਇਤਾ ਵੀ ਕੀਤੀ ਹੈ। ਇਸ ਤਰ੍ਹਾਂ ਨਾਲ ਪੰਜਾਬੀ ਲਹਿਰ ਨੂੰ ਇਕ ਸਲਾਹੁਣ ਯੋਗ ਹੁੰਗਾਰਾ ਦਿਤਾ ਹੈ।

ਮੈਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਵਲੋਂ ਤੁਹਾਨੂੰ ਮੁਬਾਰਕਾਂ ਦਿੰਦਾ ਹਾਂ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਸ਼ੀਰਵਾਦ ਨਾਲ ਤੁਸਾਂ ਯੋਗ ਅਗਵਾਈ ਦੇਕੇ ਇਸ ਮਾਸਿਕ ਪੱਤਰ ਨੂੰ ਨਾਮਧਾਰੀ ਸਮਾਜ ਤੋਂ ਬਾਹਰ ਦੇ ਪਾਠਕਾ ਵਿਚ ਪਿਆਰ ਅਤੇ ਸਤਿਕਾਰ ਦੁਆਇਆ ਹੈ।

—ਤਜਵੰਤ ਮਾਨ (ਡਾ.)
ਜਨਰਲ ਸਕੱਤਰ
ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ.
ਸੰਗਰੂਰ

—੦—

ਮੈਨੂੰ ਏਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਜਗਦੀਸ਼ ਜੀ ਆਪ 'ਵਰਿਆਮ' ਲਗਾਤਾਰ ਭੇਜ ਰਹੇ ਹੋ। ਇਹ ੨੪ਵੇਂ ਵਰ੍ਹੇ ਵਿਚ ਪਰਵੇਸ਼ ਕਰ ਗਿਆ ਹੈ। ਗੁਰੂ ਸੰਵਾਰੇ ਸਨੇਹੀਆਂ, ਸ਼ੁਭਚਿੰਤਕਾਂ, ਵਿਦਵਾਨ ਸਾਹਿਤਕਾਰਾਂ ਅਤੇ ਤੁਹਾਡੀ ਆਪਣੀ ਸਿਦਕ ਦਿਲੀ ਨਾਲ ਲਗਾਤਾਰ ਚੰਗੇ ਤੋਂ ਚੰਗੇਰੇ ਵਲ ਵੱਧ ਰਿਹਾ ਹੈ। ਤੁਹਾਡਾ ਸੰਖੇਪ ਸੰਪਾਦਕੀ, ਵਰਿਆਮ ਸੰਧੂ ਦੀ



Sri Satguru Jagjit Singh Ji eLibrary NamdhariElibrary@gmail.com

ਯਾਤਰਾ, ਤੁਹਾਡੀ ਆਪਣੀ ਵਿਦੇਸ਼ ਯਾਤਰਾ ਦਿਲਚਸਪੀ ਨਾਲ ਪੜ੍ਹਨ ਯੋਗ ਤੇ ਜਾਣਕਾਰੀ ਦੇਣ ਵਾਲੀਆਂ ਹਨ। ਤੁਸੀਂ ਜੋ ਜਾਣਕਾਰੀ ਇਸ਼ਤਹਾਰ ਦੇਣ ਵਾਲਿਆਂ ਬਾਰੇ ਦਿੱਤੀ ਹੈ ਮੈਨੂੰ ਬਹੁਤ ਪਿਆਰੀ ਲੱਗੀ ਹੈ। ਸਿਫ਼ਤ ਯੋਗ ਹਨ ਇਹ ਸਤਿਗੁਰੂ ਦੇ ਪਿਆਰੇ ਸਤਿਕਾਰੇ ਸ਼ਰਧਾਵਾਨ ਸਿੱਖ। ਤੁਸੀਂ ਜੋ ਲਗਾਤਾਰ ਸਿਦਕਦਿਲੀ ਨਾਲ ਨਾਮਧਾਰੀ ਸਮਾਜ ਵਿਚ ਸਹਿਜੇ ਹੀ ਥਾਂ ਬਣਾਈ ਹੈ ਮਾਣ ਵਾਲੀ ਗੱਲ ਹੈ ਤੇ ਇਸ ਤੋਂ ਵਧ ਤੁਸੀਂ ਉਵੇਂ ਹੀ ਨਿਮਰ ਹੋ—"ਫਲ ਨੀਵਿਆਂ ਰੁੱਖਾਂ ਨੂੰ ਲਗਦੇ ਉਚਿਆਂ ਨੂੰ ਕੀ ਕਰਨਾ"।

ਕਾਮਨਾ ਕਰਦਾ ਹਾਂ ਕਿ ਆਪ ਇਸੇ ਤਰ੍ਹਾਂ ਹੀ ਅੱਗੇ ਵਧੋ ਤੇ ਸਤਿਗੁਰੂ ਪਾਤਸ਼ਾਹ ਦੀ ਨਜ਼ਰੇ-ਇਨਾਇਤ ਦੇ ਭਾਗੀ ਬਣੇ ਰਵੋ। ਇਕ ਸ਼ੇਅਰ ਤੁਹਾਡੀ ਨਜ਼ਰ—

ਸਿਦਕ ਵਾਲੇ, ਜੋਸ਼, ਹਿੰਮਤ, ਸੂਝ ਨਾਲ,
ਬਦਲ ਦਿੰਦੇ ਨੇ ਸਮੇਂ ਦੀ ਤੋਰ ਵੀ।

—ਕਰਤਾਰ ਸਿੰਘ ਪੰਛੀ
ਮਲੇਰਕੋਟਲਾ

—o—

'ਵਰਿਆਮ' ਦਾ ਪਿਛਲਾ ਅੰਕ ਦੇਸ਼ ਭਗਤ ਕਵੀ ਸ. ਮੁਨਸ਼ਾ ਸਿੰਘ 'ਦੁਖੀ' ਜੀ ਦੀ ਸਪੁਤਰੀ ਬੀਬੀ ਬਲਜੀਤ ਦੇ ਘਰ ਪੜ੍ਹਨ ਨੂੰ ਮਿਲਿਆ। ਤਿੰਨ ਮੌਤਾਂ ਜੋ ਪਿਛਲੇ ਦਿਨੀਂ ਹੋਈਆਂ, ਉਹਨਾਂ ਦਾ ਡਾਢਾ ਅਫ਼ਸੋਸ ਹੋਇਆ। ਜਥੇਦਾਰ ਗਿਆਨ ਸਿੰਘ ਅਤੇ ਸੁਰਜੀਤ ਖ਼ੁਰਸ਼ੀਦੀ ਦੀ ਮੌਤ ਤੇ ਤਾਂ ਯਕੀਨ ਹੀ ਨਹੀਂ ਆ ਰਿਹਾ ਕਿ ਇਹ ਦੁਨੀਆਂ ਛੱਡ ਗਏ ਹਨ। ਭੈਣੀ ਸਾਹਿਬ ਉਹਨਾਂ ਦੀਆਂ ਮੰਜੀਆ ਦੇ ਮੁੱਢ ਜਾ ਕੇ ਬੈਠ ਜਾਈਦਾ ਸੀ ਅਤੇ ਨਵੀਆਂ ਪੁਰਾਣੀਆਂ ਗੱਲਾਂ ਦਾ ਅਨੰਦ ਲਈਦਾ ਸੀ। ਇਹ ਅਨੰਦ ਹੁਣ ਨਹੀਂ ਲੱਭਣਾ।

ਖ਼ੁਰਸ਼ੀਦੀ ਬਾਰੇ ਸੁਖਜੀਤ ਹੀ ਲਿਖ ਸਕਦਾ ਸੀ, ਸੋ ਉਹ ਲਿਖ ਗਿਆ, ਜੋ ਯਾਦਗਾਰੀ ਲੇਖ ਰਹੇਗਾ। ਜਥੇਦਾਰ ਗਿਆਨ ਸਿੰਘ ਹੋਰਾਂ ਬਾਰੇ ਤੁਸੀਂ ਹੀ ਲਿਖ ਸਕਦੇ ਸੀ, ਸੋ ਲਿਖ ਗਏ। ਸਨਖਤਰਾ ਜੀ ਬਾਰੇ ਜ਼ਰਾ ਵਿਸਥਾਰ ਨਾਲ ਲਿਖਿਆ ਜਾਣਾ ਚਾਹੀਦਾ ਸੀ।

'ਵਰਿਆਮ' ਦੀ ਦਿੱਖ ਤੇ ਮੈਟਰ ਤਾਜ਼ਗੀ ਦਾ ਸਬੂਤ ਹਨ। ਮੈਂ ਵੀ ਲਿਖਣ ਲਈ ਲੰਗਰ-ਲੰਗੋਟੇ ਕੱਸ ਰਿਹਾ ਹਾਂ ਅਤੇ ਨਵੀਂ ਕਿਸਮ ਦਾ ਯਾਤਰਾ ਵਿਰਤਾਂਤ ਲਿਖਾਂਗਾ...ਪਰ ਵਰਿਆਮ ਸੰਧੂ ਹੋਰੀਂ ਥਾਂ ਖਾਲੀ ਕਰਨਗੇ, ਤਾਂ ਹੀ ਤੇ ਨਾ!

—ਪ੍ਰੀਤਮ ਸਿੰਘ ਪੰਛੀ
ਯੌਰਕਸ਼ਾਇਰ ਇੰਗਲੈਂਡ ਤੋਂ

(ਮਹੰਤ ਆਤਮਾ ਸਿੰਘ ਸਨਖਤਰਾ ਜੀ ਬਾਰੇ ਲੇਖ 'ਸਨਖਤਰਾ ਜੀ ਨੂੰ ਯਾਦ ਕਰਦਿਆਂ' 'ਵਰਿਆਮ' ਦੇ ਅਗਸਤ ਅੰਕ ਵਿਚ ਛੱਪ ਚੁਕਾ ਹੈ—ਸੰਪਾਦਕ)

—o—

'ਵਰਿਆਮ' ਹਰ ਮਹੀਨੇ ਨਿਯਮਤ ਪੱਕੇ ਹੋਏ ਸੇਬ ਵਾਂਗ ਵਿਹੜੇ ਵਿਚ ਆ ਡਿਗਦਾ ਹੈ। ਈਸਟ ਅਫਰੀਕਾ ਯਾਤਰਾ ਅੰਕ (ਸਤੰਬਰ-ਅਕਤੂਬਰ ੯੮) ਅੱਜ ਹੀ ਮਿਲਿਆ। ਸੁਰਜੀਤ ਖ਼ੁਰਸ਼ੀਦੀ ਬਾਰੇ ਸੁਖਜੀਤ ਨੇ ਵਧੀਆ ਲਿਖਿਆ ਹੈ, ਖ਼ੁਰਸ਼ੀਦੀ ਜ਼ਿੰਦਾ-ਦਿਲ ਤੇ ਧੜੱਲੇਦਾਰ ਮਨੁੱਖ ਸੀ। ਮੈਂ ਉਹਨਾਂ ਨੂੰ ਅਨੇਕਾਂ ਵਾਰ ਮਿਲਿਆ ਹਾਂ।

—ਰਾਮ ਸਰੂਪ ਅਣਖੀ
ਸੰਪਾਦਕ 'ਕਹਾਣੀ ਪੰਜਾਬ', ਬਰਨਾਲਾ

—o—

ਵਰਿਆਮ ਦੇ ਸਤੰਬਰ-ਅਕਤੂਬਰ ੧੯੯੮ ਦੇ ਅੰਕ ਵਿਚ ਸ. ਜਗਦੀਸ਼ ਸਿੰਘ ਦੀ ਲਿਖੀ ਹੋਈ ਸਿਮਤ੍ਰੀ—'ਜਥੇਦਾਰ ਗਿਆਨ ਸਿੰਘ ਵੀਰੋਕੇ ਵਾਲੇ'—ਬਹੁਤ ਗਿਆਨ ਭਰਪੂਰ ਹੈ। ਇਸ ਸਿਮ੍ਰਤੀ ਦਾ ਪਾਠ ਸਵੇਰੇ ੪ ਵਜੇ ਕੀਤਾ ਸੀ, ਕਿਉਂਕਿ ਮੈਂ ਸੰਤ ਗਿਆਨ ਸਿੰਘ ਬਹਾਦਰ ਹੁਸੈਨ ਵਾਲੇ ਕਰਕੇ ਜਾਣਦਾ ਸੀ। ਸੰਤ ਗਿਆਨ ਸਿੰਘ ਜੀ ਦੇ ਬਹੁਤ ਵਾਰੀ ਦਰਸ਼ਨ ਕੀਤੇ ਸਨ ਤੇ ਉਨ੍ਹਾਂ ਦੇ ਹੱਲੇ ਦੇ ਦੀਵਾਨ ਵੀ ਬਹੁਤ ਵਾਰੀ ਸੁਣੇ ਸਨ।

ਪਰ ਉਹਨਾਂ ਦੀ ਮੌਤ ਦੀ ਖਬਰ ਜਦ ਸੁਣੀ ਸੀ, ਮਨ ਬਹੁਤ ਸਾਰਾ ਉਦਾਸ ਹੋਇਆ ਸੀ। ਕਿਉਂਕਿ ਇਕ ਗਿਆਨਵਾਨ ਮਨੁਖ ਜਦੋਂ ਇਸ ਸੰਸਾਰ ਵਿਚੋਂ ਚਲਾ ਜਾਂਦਾ ਏ, ਉਸ ਵਕਤ ਮਨ ਜ਼ਰੂਰ ਉਦਾਸ ਹੁੰਦਾ ਏ। ਸੰਤ ਗਿਆਨ ਸਿੰਘ ਦਾ ਜੀਵਨ ਉਚੇ ਤੇ ਸੁਚੇ ਆਦਰਸ਼ਾਂ ਨਾਲ ਭਰਿਆ ਹੋਇਆ ਸੀ। ਉਹ ਲਾਲਚੀ ਸੁਭਾਅ ਦੇ ਮਾਲਕ ਨਹੀਂ ਸਨ, ਸਗੋਂ ਉਹ ਤਾਂ ਤਿਆਗੀ ਮਨ ਦੇ ਮਾਲਕ ਸਨ। ਸ. ਜਗਦੀਸ਼ ਸਿੰਘ ਨੇ ਉਹਨਾਂ ਦੀ ਜ਼ਿੰਦਗੀ ਬਾਰੇ ਹੋਰ ਚਾਨਣਾ ਪਾਇਆ ਏ। ਇਸ ਤਰ੍ਹਾਂ ਦਾ ਗਿਆਨ ਦੂਸਰੇ ਦੀ ਜ਼ਿੰਦਗੀ ਬਾਰੇ ਉਹ ਹੀ ਲਿਖ ਸਕਦਾ ਏ, ਜਿਸ ਨੇ ਉਸ ਨੂੰ ਨੇੜਿਓਂ ਵੇਖਿਆ ਤੇ ਜੀਵਿਆ ਹੋਵੇ। ਇਸ ਤਰ੍ਹਾਂ ਸੰਤ ਗਿਆਨ ਸਿੰਘ ਮਹਾਨ ਮਨੁਖ ਸਨ।



Sri Satguru Jagjit Singh Ji eLibrary NamdhariElibrary@gmail.com

ਅੱਜ 8 ਵਜੇ ਸਵੇਰੇ ਉਹਨਾਂ ਮਨੁਖਾਂ ਬਾਰੇ ਹੀ ਪੜ੍ਹਨਾ ਪਿਆ, ਜਿਹੜੇ ਇਸ ਸੰਸਾਰ ਤੋਂ ਚਲੇ ਗਏ ਹਨ। ਪਹਿਲਾਂ ਸੰਤ ਗਿਆਨ ਸਿੰਘ ਬਾਰੇ ਪੜ੍ਹਿਆ, ਫੇਰ ਮਿੱਤਰ ਪਿਆਰੇ ਸੁਰਜੀਤ ਖ਼ੁਰਸ਼ੀਦੀ ਬਾਰੇ ਪੜ੍ਹਿਆ। ਖ਼ੁਰਸ਼ੀਦੀ ਜੀ ਨੂੰ ਮੈਂ ਬਹੁਤ ਰੰਗਾਂ ਵਿਚ ਵੇਖਿਆ ਸੀ। ਇਸ ਕਰਕੇ ਉਸ ਦੀ ਮੌਤ ਨੇ ਮੇਰੇ ਮਨ ਤੇ ਅਸਰ ਕੀਤਾ ਕਿ ਇਕ ਮਨੁਖ ਬਹੁਰੰਗਾਂ ਵਿਚ ਜਿਉਂ ਕੇ ਭੀ ਆਪਣੀ ਆਤਮਾ ਦੀ ਸ਼ਾਂਤੀ ਲਈ ਭੈਣੀ ਸਾਹਿਬ ਆਇਆ। ਜਾਂ ਫੇਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਤੇ ਮੇਹਰ ਕੀਤੀ ਤੇ ਆਪਣਾ ਪਿਛਲਾ ਜੀਵਨ ਗੁਰੂ ਲੇਖੇ ਲਾ ਕੇ ਇਸ ਸੰਸਾਰ ਵਿਚੋਂ ਗਿਆ। ਨਹੀਂ ਤਾਂ ਇਸ ਤਰਾਂ ਦੇ ਮਨੁਖ ਗਲੀਆਂ ਵਿਚ ਰੁਲਦੇ ਹੀ ਮਰ ਜਾਂਦੇ ਹਨ। ਖ਼ੁਰਸ਼ੀਦੀ ਜੀ ਨੇ ਆਪਣੀ ਮੁਹੱਬਤ ਵੀ ਆਪਣੇ ਨਾਲ ਹੀ ਜੋੜ ਲਈ, ਜਿਹੜੀ ਸੁਰਜੀਤ ਸਿੰਘ ਤੋਂ ਸੁਰਜੀਤ ਖ਼ੁਰਸ਼ੀਦੀ ਬਣ ਗਈ। ਭਾਵੇਂ 'ਖ਼ੁਰਸ਼ੀਦ' ਪਾਕਿਸਤਾਨ ਚਲੀ ਗਈ ਸੀ, ਪਰ ਸੁਰਜੀਤ ਸਿੰਘ 'ਖ਼ੁਰਸ਼ੀਦ' ਸ਼ਬਦ ਨੂੰ ਆਪਣੇ ਨਾਲ ਲੈ ਕੇ ਹੀ ਮਰਿਆ। ਇਸ ਕਰਕੇ ਮਰਿਆਂ ਤੇ ਕੀ ਗਿਲਾ ਕਰੀਏ, ਆਪਾਂ ਵੀ ਇਕ ਦਿਨ ਮਰ ਜਾਣਾ ਏ। ਜਿਹੜੇ ਸਦਾ ਲਈ ਵਿਛੜ ਜਾਂਦੇ ਹਨ, ਉਹਨਾਂ ਨੂੰ ਲੱਭਣਾ ਔਖਾ ਹੋ ਜਾਂਦਾ ਏ।

ਸ. ਸੋਹਣ ਸਿੰਘ ਜੋਸ਼ ਦੀਆਂ ਦੋਵੇਂ ਕਵਿਤਾਵਾਂ ਬਹੁਤ ਚੰਗੀਆਂ ਹਨ। ਰੱਬ ਨੂੰ ਚੰਗੇ ਉਲ੍ਹਾਮੇ ਦਿਤੇ ਹਨ, ਕਿਉਂਕਿ ਅੱਜ ਦੇ ਮਨੁਖ ਨੂੰ ਬਹੁਤ ਸਾਰੀਆਂ ਲਾਹਨਤਾਂ ਪਾਈਆਂ ਹਨ। ਜਿਸਨੇ ਬੇਜਾਨ ਮੰਦਰਾਂ, ਮਸਜਿਦਾਂ ਨੂੰ ਸਾੜ ਦਿਤਾ ਸੀ ਤੇ ਸਾੜ ਰਿਹਾ ਏ। ਦੋਵਾਂ ਕਵਿਤਾਵਾਂ ਵਿਚੋਂ ਸ. ਦਰਸ਼ਨ ਸਿੰਘ ਅਵਾਰਾ ਵਾਲੀ ਝਲਕ ਨਜ਼ਰ ਆਉਂਦੀ ਏ। ਉਸ ਨੇ ਵੀ ਰੱਬ ਨੂੰ ਬਹੁਤ ਸਾਰੇ ਉਲ੍ਹਾਮੇ ਮਾਰੇ ਸਨ। ਇਸ ਤਰ੍ਹਾਂ ਦੀਆਂ ਕਵਿਤਾਵਾਂ ਬਹੁਤ ਘਟ ਕਵੀ ਲਿਖਦੇ ਹਨ। ਬਹੁਤ ਪਿਆਰ ਮੁਹੱਬਤ ਦੀਆਂ ਹੀ ਕਵਿਤਾਵਾਂ ਲਿਖਦੇ ਹਨ, ਜਿਹੜੀਆਂ ਆਮ ਪਾਠਕ ਦੀ ਸੋਚ ਤੋਂ ਬਾਹਰ ਹੁੰਦੀਆਂ ਹਨ।

ਵਰਿਆਮ ਸਿੰਘ ਸੰਧੂ ਦੀ ਯਾਤਰਾ ਚੰਗਾ ਗਿਆਨ ਦਿੰਦੀ ਏ, ਤੇ ਨਾਲ ਹੀ ਵਾਰਤਕ ਇਕ ਚੰਗਾ ਨਮੂਨਾ ਵੀ ਹੈ, ਕਿਉਂਕਿ ਬਹੁਤੀਆਂ ਯਾਤਰਾਵਾਂ ਖੁਸ਼ਕ ਹੀ ਹੁੰਦੀਆਂ ਹਨ। ਪਾਠਕ ਪੱਲੇ ਕੋਈ ਗਿਆਨ ਨਹੀਂ ਪਾਉਂਦੀਆਂ।

ਈਸਟ ਅਫਰੀਕਾ ਦੀ ਯਾਤਰਾ ਤਾਂ ਸ. ਜਗਦੀਸ਼ ਸਿੰਘ ਇਕੱਲੇ ਹੀ ਕਰ ਆਏ। ਪਰ ਉਹਨਾਂ ਦੀ ਲਿਖੀ ਯਾਤਰਾ ਪੜ੍ਹ ਕੇ ਹੁਣ ਉਹਨਾਂ ਨਾਲ ਅਸੀਂ ਵੀ ਈਸਟ ਅਫਰੀਕਾ ਦੀ ਯਾਤਰਾ ਕਰ ਲਈ ਤੇ ਅਫਰੀਕਾ ਬਾਰੇ ਗਿਆਨ ਵੀ ਹੋ ਗਿਆ ਏ। ਇਸ ਤਰ੍ਹਾਂ ਦੀਆਂ ਲਿਖੀਆਂ ਯਾਤਰਾਵਾਂ ਪਾਠਕਾਂ ਨੂੰ ਕੁਛ ਗਿਆਨ ਦਿੰਦੀਆਂ ਹਨ। ਈਸਟ ਅਫਰੀਕਾ ਦੀ ਯਾਤਰਾ ਨਾਲ ਤਸਵੀਰਾਂ ਬਹੁਤ ਚੰਗੀਆਂ ਛਪੀਆਂ ਹਨ।

ਸੁਖਜੀਤ ਨੇ ਸੁਰਜੀਤ ਖ਼ੁਰਸ਼ੀਦੀ ਜੀ ਬਾਰੇ ਬਹੁਤ ਚੰਗਾ ਤੇ ਗਿਆਨ ਭਰਿਆ ਲੇਖ ਲਿਖਿਆ ਏ। ਇਨ੍ਹਾਂ ਨੇ ਸੁਰਜੀਤ ਖ਼ੁਰਸ਼ੀਦੀ ਦੀ ਨੇੜੇ ਦੀ ਸੰਗਤ ਕੀਤੀ ਹੋਈ ਲਗਦੀ ਹੈ। ਤਾਂ ਹੀ ਤਾਂ ਉਸ ਬਾਰੇ ਇਸ ਤਰ੍ਹਾਂ ਦਾ ਲੇਖ ਲਿਖ ਸਕਿਆ ਏ।

ਬੜੇ ਸਮੇਂ ਬਾਦ ਚੰਗੀ ਤਰ੍ਹਾਂ ਵਰਿਆਮ ਨੂੰ ਪੜ੍ਹਿਆ ਏ। ਨਹੀਂ ਤਾਂ ਤੁਰਿਆਂ ਤੁਰਿਆਂ ਜਾਂਦਿਆਂ ਪੜ੍ਹਦਾ ਹੁੰਦਾ ਸੀ। ਸ. ਜਗਦੀਸ਼ ਸਿੰਘ ਦਾ ਧੰਨਵਾਦੀ ਹਾਂ, ਜਿਸ ਨੇ ਮੇਰਾ ਨਵਾਂ ਪਤਾ ਵੀ ਵਰਿਆਮ ਵਿਚ ਛਾਪ ਦਿਤਾ ਏ। ਉਸੇ ਪਤੇ ਨੂੰ ਪੜ੍ਹਕੇ ਸ. ਪ੍ਰੀਤਮ ਸਿੰਘ ਪੰਛੀ ਨੇ ਇੰਗਲੈਂਡ ਤੋਂ ਮੈਨੂੰ ਚਿੱਠੀ ਲਿਖੀ ਏ।

**ਹਰਭਜਨ ਸਿੰਘ ਬਾਜਵਾ**

ਬਾਜਵਾ ਫੋਟੋਜ਼, ਡਾਕ: ਸਰਕਾਰੀ ਪੋਲੇਟਿਕਨਿਕ, ਬਟਾਲਾ

—o—

'ਵਰਿਆਮ' ਦੇ ਰੂਪ ਵਿਚ, ਹਰ ਮਹੀਨੇ ਪੁਜਿਆ ਹਰ ਅੰਕ, ਮਨ ਨੂੰ ਮੋਹ ਲੈਂਦਾ ਹੈ। ਇਸ ਵਾਰ (ਅਗਸਤ ੯੮) ਤਾਂ ਸੁਖਵੰਤ ਦੇ ਬੇਨਜ਼ੀਰ ਟਾਇਟਲ, ਤੁਹਾਡੇ ਬਹੁਤ ਹੀ ਕੀਮਤੀ ਲੇਖ—'ਗੁਰੂ ਕੀ ਬਾਣੀ ਗੁਰ ਤੇ ਜਾਤੀ' ਤੋਂ ਬਿਨਾਂ ਯਸ਼ਪਾਲ ਦੀ ਕਹਾਣੀ 'ਸ਼ਰੀਫ ਤੇ ਚੋਰ' ਲਾਜਵਾਬ ਹਨ। ਉਂਝ ਰਸਾਲੇ ਦਾ ਸਾਰਾ ਹੀ ਮੈਟਰ ਮੂੰਹੋਂ ਬੋਲਦਾ ਹੈ। ਬਹੁਤ ਬਹੁਤ ਵਧਾਈ ਕਬੂਲ ਫੁਰਮਾਓ।

**—ਸੁਰਜੀਤ ਸਿੰਘ ਮਰਜਾਰਾ, ਮੰਡੀ ਗੋਬਿੰਦਗੜ੍ਹ**

—o—

ਆਪ ਦਾ ਭੇਜਿਆ ਵਰਿਆਮ ਮਿਲ ਗਿਆ ਹੈ, ਪੜ੍ਹਕੇ ਬਹੁਤ ਖੁਸ਼ੀ ਹੋਈ। ਨੈਰੋਬੀ ਦੀ ਰਿਪੋਰਟ ਬਹੁਤ ਹੀ ਸੋਹਣੇ ਢੰਗ ਨਾਲ ਦਿਤੀ ਹੈ। ਆਪਣੀ ਤਸਵੀਰ ਵੀ ਦੇਖੀ। ਮੰਨਣਾ ਪਵੇਗਾ ਕਿ ਆਪ ਇਕ ਸਹੀ ਲਿਖਾਰੀ ਹੋ ਜੋ ਅਮੀਰਾਂ ਤੇ ਗਰੀਬਾਂ ਦੀ ਖਬਰ ਇਕੋ ਤਰ੍ਹਾਂ ਦਿੰਦੇ ਹੋ। ਪਹਿਲਾਂ ਵਰਿਆਮ ਸੂਬਾ ਸਤਿਨਾਮ ਸਿੰਘ ਹੁਣਾਂ ਪਾਸ ਆਇਆ, ਉਨ੍ਹਾਂ ਨੇ ਮੈਨੂੰ ਨੈਰੋਬੀ ਦੀ ਰਿਪੋਰਟ ਬਾਰੇ ਦਸਿਆ। ਪਰ ਵਰਿਆਮ ਦੇ ਦਰਸ਼ਨ ਨਾ ਹੋਏ। ਇਕ ਦਿਨ ਮਨ ਬੁਝਿਆ ਹੋਇਆ ਸੀ। ਇਸੇ ਤਰ੍ਹਾਂ ਪੋਸਟ ਆਫਿਸ ਬਾਕਸ ਦੇਖਣ ਲਈ ਗਿਆ।



Sri Satguru Jagjit Singh Ji eLibrary NamdhariElibrary@gmail.com

ਉਥੋਂ ਆਪਦਾ ਭੇਜਿਆ ਹੋਇਆ ਵਰਿਆਮ ਮਿਲ ਗਿਆ। ਘਰ ਪੁਜਣ ਤੋਂ ਪਹਿਲਾਂ ਸਾਰੀ ਰਿਪੋਰਟ ਪੜ੍ਹੀ। ਭਾ ਜੀ ਆਪ ਦਾ ਬਹੁਤ ਬਹੁਤ ਧੰਨਵਾਦ, ਜੋ ਆਪ ਨੇ ਮੈਨੂੰ ਵੀ ਯਾਦ ਰਖਿਆ ਅਤੇ ਮੇਰੇ ਬਾਰੇ ਲਿਖਿਆ।

ਆਪ ਦਾ ਛੋਟਾ ਵੀਰ,
**ਗੁਰਦੇਵ ਸਿੰਘ ਵਿਰਦੀ, ਨੈਰੋਬੀ**

—o—

ਨਹੀਂ ਰੀਸ ਤੁਹਾਡੇ ਸੰਪਾਦਨ ਦੀ, ਅਫਰੀਕਾ ਅੰਕ ਤਾਂ ਮਾਸਟਰ ਪੀਸ ਬਣ ਗਿਆ। ਚੰਗਾ ਸੀ ਕਿ ਇਕ ਪੈਰੇ ਵਿਚ ਦਸਦੇ ਕਿ ਇਹ ਸਿੰਘ ਕਦ ਤੋਂ ਕਿਥੇ ਕਿਥੇ ਰਹਿੰਦੇ ਰਹੇ।

ਖ਼ੁਰਸ਼ੀਦੀ ਬਾਰੇ ਇਕ ਸ਼ਿਅਰ ਹੈ :

'ਆਹ ! ਖ਼ੁਰਸ਼ੀਦੀ, ਸ਼ਹੀਦੀ ਪਾ ਗਿਆ।
ਉਹ 'ਕਾਫਰ' ਮੁਰੀਦੀ ਪਾ ਗਿਆ।'

**—ਪਿਆਰਾ ਸਿੰਘ ਪਦਮ**, ਪਟਿਆਲਾ

—o—

ਲੰਮੇ ਸਮੇਂ ਵਕਫੇ ਪਿਛੋਂ 'ਵਰਿਆਮ' ਦਾ ਨਵੰਬਰ ੯੮ ਦਾ ਅੰਕ ਦੇਖਣ ਨੂੰ ਮਿਲਿਆ। ਅੱਜ ਹਰ ਪਤ੍ਰਿਕਾ ਵਿਚ 'ਓਸ਼ੋ' ਦਾ ਕੋਈ ਨਾ ਕੋਈ ਪ੍ਰਵਚਨ ਜਾਂ ਲੇਖ ਤਾਂ ਛਪਦਾ ਹੀ ਰਹਿੰਦਾ ਹੈ। 'ਮੌਤ ਦੇ ਬਾਦ ਦੇ ਰਹੱਸ' ਵਿਚ ਆਪ ਜੀ ਨੇ 'ਓਸ਼ੋ ਟਾਇਮਜ਼ ਵਿਚੋਂ 'ਓਸ਼ੋ' ਦੇ ਸ਼ਬਦ ਪੜ੍ਹਕੇ ਬਹੁਤ ਚੰਗਾ ਲਗਿਆ। ਧੰਨਵਾਦ।

**—ਸਵਾਮੀ ਅਗੋਚਰ ਤੀਰਥ**
ਜਲੰਧਰ

—o—

## ਦੋ ਖ਼ਤ ਵਰਿਆਮ ਸੰਧੂ ਦੇ ਨਾਂਅ 'ਤੇ

ਆਪ ਜੀ ਦੀਆਂ ਕੁਝ ਲਿਖਤਾਂ ਪੜ੍ਹੀਆਂ ਹਨ ਅਤੇ ਸਾਡਾ ਦਿਲ ਕੀਤਾ ਕਿਉਂ ਨਾ ਆਪ ਜੀ ਨੂੰ ਕੁਝ ਆਪਣੀਆਂ ਵਿਚਾਰਾਂ ਲਿਖ ਦਦੀਏ। ਜਿਵੇਂ ਮੈਂ ਅਤੇ ਅਸ਼ੋਕ ਕੁਮਾਰ ਸਾਇੰਸ ਮਾਸਟਰ ਹਾਂ। ਸਾਡਾ ਕਿੱਤਾ ਸਾਇੰਸ ਦੀ ਪੜ੍ਹਾਈ ਹੈ। ਭਾਵੇਂ ਅਸਾਂ ਦੋਨਾਂ ਨੇ ਇੰਗਲਿਸ਼ ਲਿਟਰੇਚਰ ਤਾਂ ਪੜ੍ਹਿਆ ਹੈ, ਪ੍ਰੰਤੂ ਪੰਜਾਬੀ ਲਿਟਰੇਚਰ ਦਾ ਬਹੁਤ ਗਿਆਨ ਨਹੀਂ ਹੈ।

ਆਪ ਜੀ ਦੀ ਲਿਖਤ ਬਹੁਤ ਜ਼ੋਰਦਾਰ, ਤਸਵੀਰ ਖਿੱਚਣ ਵਾਲੀ ਅਤੇ ਮਨ ਦੀਆਂ ਡੂੰਘਾਈਆਂ ਨੂੰ ਮਾਪਣ ਵਾਲੀ ਨਿਰਪੱਖ, ਸੱਚ ਅਤੇ ਹੱਕ ਉਪਰ ਜ਼ੋਰ ਦੇਂਦੀ ਹੈ। ਮਨੋਵਿਗਿਆਨ ਤਾਂ ਏਨਾ ਡੂੰਘਾ ਹੈ ਕਿ ਇਨਸਾਨ ਦੇ ਧੁਰ ਅੰਦਰ ਦੀਆਂ ਭਾਵਨਾਵਾਂ ਉਜਾਗਰ ਹਨ। ਕਈ ਥਾਂ ਉਪਰ ਤਾਂ ਤੁਸੀਂ ਆਪ ਨੂੰ ਵੀ ਵਿਚ ਸ਼ਾਮਲ ਕਰ ਲੈਂਦੇ ਹੋ ਜੋ ਇਕ ਲੇਖਕ ਦੀ ਬੜੀ ਵੱਡੀ ਦਲੇਰੀ ਹੈ। ਆਪ ਜੀ ਦੀ ਲਿਖਤ ਬਹੁਤ ਸਮਤੋਲ ਵਿਚ ਵੀ ਹੈ। ਸ਼ਬਦ ਚੋਣ ਬਹੁਤ ਸੁਚੱਜੀ ਅਤੇ ਸੁਹਾਦ-ਪੂਰਨ ਹੈ।

ਜਿਥੋਂ ਤਕ ਸਿੱਖ ਧਰਮ ਦੀ ਤੜਪ ਹੈ ਉਹ ਤਾਂ ਆਪ ਜੀ ਵਿਚ ਬਹੁਤ ਜ਼ਿਆਦਾ ਹੈ, ਕਿਉਂਕਿ ਜੋ ਤੁਸੀਂ 'ਬਲਿਯੂ ਅਪਰੇਸ਼ਨ' ਤੋਂ ਪਿਛੋਂ ਹਰੀਮੰਦਰ ਜਾ ਕੇ ਦੇਖਿਆ ਹੈ ਅਤੇ ਆਪ ਜੀ ਦੇ ਚਾਚੇ ਵੀ ਨਾਲ ਸਨ, ਜੋ ਸ਼ਬਦਾਂ ਦਾ ਰੂਪ ਅਤੇ ਤੜਪ ਤੁਸੀਂ ਬਿਆਨ ਕੀਤੇ ਹਨ ਉਹ ਤਾਂ ਕੱਟੜ ਸਿੱਖ ਦੇ ਵੀ ਨਹੀਂ ਹਨ। ਸਿੱਖ ਸਭਿਆਚਾਰ ਹੀ ਪੰਜਾਬ ਦਾ ਸਭਿਆਚਾਰ ਹੈ ਜਿਸ ਵਿਚ ਹੱਕ, ਸੱਚ, ਇਮਾਨਦਾਰੀ, ਬਹਾਦਰੀ, ਘਰ ਆਏ ਵੈਰੀ ਨੂੰ ਵੀ ਮਾਫ਼ ਕਰ ਦੇਣਾ ਆਦਿ ਜਾਂ ਵੱਡਿਆਂ ਦਾ ਆਦਰ, ਛੋਟਿਆਂ ਨਾਲ ਪਿਆਰ — ਇਹ ਸਭ ਤਾਂ ਤੁਸੀਂ ਆਪਣੀਆਂ ਲਿਖਤਾਂ ਰਾਹੀਂ ਪਰਚਾਰ ਕਰ ਰਹੇ ਹੋ। ਸੋ ਮੇਰੀ ਅਕਲ ਅਨੁਸਾਰ ਤੁਸੀਂ ਸਿੱਖ ਸਭਿਆਚਾਰ ਅਤੇ ਧਰਮ ਨਾਲ ਜ਼ਿਆਦਾ ਜੁੜੇ ਹੋਏ ਹੋ।

ਆਸ ਕਰਦਾ ਹਾਂ ਕਿ ਤੁਸੀਂ ਵਧ ਤੋਂ ਵਧ ਪੰਜਾਬੀ ਬੋਲੀ ਦੀ ਸੇਵਾ ਨੂੰ ਚਾਰ ਚੰਨ ਲਗਾਉਂਦੇ ਰਹੋਗੇ।

ਆਪ ਦਾ ਸ਼ੁਭ-ਚਿੰਤਕ
**ਰਘਬੀਰ ਸਿੰਘ**
**ਸਰਕਾਰੀ ਹਾਈ ਸਕੂਲ, ਘਰਿੰਡਾ**

———

ਆਪ ਜੀ ਦਾ ਸਫ਼ਰਨਾਮਾ ਪੜ੍ਹਕੇ ਇਸ ਤਰ੍ਹਾਂ ਲੱਗਾ ਹੈ ਕਿ ਜੋ ਸ਼ਬਦਾਵਲੀ ਤੁਸੀਂ ਵਰਤੀ ਹੈ ਉਸ ਵਿਚ ਹਰ ਚੀਜ਼ ਦਾ ਦਿਮਾਗ ਵਿਚ ਸ਼ਬਦਾਂ ਦੀ ਤਸਵੀਰ ਸਪਸ਼ਟ ਹੁੰਦੀ ਗਈ ਅਤੇ ਇਸ ਤਰ੍ਹਾਂ ਲੱਗਾ ਕਿ ਮੈਂ ਵੀ ਅਮਰੀਕਾ ਕੈਨੇਡਾ ਅਤੇ ਇੰਗਲੈਂਡ ਤੁਹਾਡੇ ਨਾਲ ਹੀ ਸਫਰ ਕਰ ਰਿਹਾ ਹਾਂ ਅਤੇ ਤੁਹਾਡੇ ਨਾਲ ਹਰ ਮਹਿਫ਼ਲ ਵਿਚ ਸ਼ਾਮਲ ਹਾਂ। ਅੰਤਰ ਇਹ ਕਿ ਮੈਂ ਅਸਲੀ ਮਹਿਫ਼ਲ ਵਿਚ ਸ਼ਾਮਲ ਹੋ ਜਾਂਦਾ ਸੀ ਅਤੇ ਤੁਸੀਂ ਇਕ ਪਾਸੇ ਕੋਲਡ ਡਰਿੰਕ ਲੈ ਕੇ ਨਜ਼ਾਰਾ ਲੈ ਰਹੇ ਰਹੇ ਹੁੰਦੇ ਸੀ।......ਫਿਰ ਮਿਲਾਂਗੇ !!

ਆਪ ਦਾ ਹਿਤੂ
**ਅਸ਼ੋਕ ਕੁਮਾਰ**
**ਘਰਿੰਡਾ**



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੂਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ 59869

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ
ਹਰ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,
ਪੜਤਲ, ਚੀਲ੍ਹ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੇਂਟਸ)

**Dalip Singh Puran Singh Saggu]**
[TIMBER MERCHANTS]

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ

Phone : 58795, 59056
Mobile Phone 9814028099

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਅਕਹਿਰੀ ਪੁਲੀ, ਜਲੰਧਰ-੧੪੪੦੦੪.
ਫ਼ੋਨ 238784

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 232990

## JANTA
## HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੌਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

## ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)

ਅਕਹਿਰੀ ਪੁਲੀ, ਜਲੰਧਰ ਸ਼ਹਿਰ
ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ



Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,
JAMMU CANTT.

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

**ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

**Namdhari Sales**

10240/54, Library Road, Azad Market, Delhi-11006




Sri Satguru Jagjit Singh Ji eLibrary NamdhariElibrary@gmail.com

Registered No. PB/JL-253

MONTHLY WARIAM
Ladowali Road, Jalandhar-144 001.

DECEMBER 1998

Registered with the Registrar of News papers for India. RNI No. 26453/75

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

**੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬**

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543 ਨਿਵਾਸ 56289

Sri Satguru Jagjit Singh Ji eLibrary NamdhariElibrary@gmail.com